5-AUG-PAGE-1.qxd 8/4/2023 9:26 PM Page 1

ਸ਼ਨੀਵਾਰ, 5 ਅਗਸਤ, 2023
21 ਸਾਉਣ { ਨਾਨਕਸ਼ਾਹੀ 555 / ਬਿਕਰਮੀ 2080
ਜਿਲਦ/VOL. : 72
ਅੰਕ/NO. : 65

ਨਵਾਂ ਜ਼ਮਾਨਾ

DAILY NAWAN ZAMANA • SATURDAY, 5 AUGUST, 2023
ਜਲੰਧਰ
nawan zamana TV

ਕੀਮਤ/PRICE : 5.00 ਰੁਪਏ | Regd. No : Pb/JL-123/2021-23, (R.N.I.)-00068/57 | E-mail : nawanzamana@gmail.com | www.nawanzamana.in | ਸਫ਼ੇ : 12

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

ਵੋਟਰਾਂ ਦੀ ਜਿੱਤ, ਰਾਹੁਲ ਦੀ ਲੋਕ ਸਭਾ ਮੈਂਬਰੀ ਬਹਾਲ

ਸੁਪਰੀਮ ਕੋਰਟ ਨੇ ਕਿਹਾ : ਹੇਠਲੀਆਂ ਅਦਾਲਤਾਂ ਨੇ ਰਾਹੁਲ ਦੀਆਂ ਅਰਜ਼ੀਆਂ ਖਾਰਜ ਕਰਨ ਲਈ ਕਾਫੀ ਪੰਨੇ ਖਰਚ ਕੀਤੇ, ਪਰ ਵੱਧ ਤੋਂ ਵੱਧ ਸਜ਼ਾ ਦੇਣ ਦਾ ਕੋਈ ਖਾਸ ਕਾਰਨ ਨਹੀਂ ਦੱਸਿਆ

ਨਵੀਂ ਦਿੱਲੀ : ਸੁਪਰੀਮ ਕੋਰਟ ਨੇ ਸ਼ੁੱਕਰਵਾਰ ਕਾਂਗਰਸ ਨੇਤਾ ਰਾਹੁਲ ਗਾਂਧੀ ਦੀ ਲੋਕ ਸਭਾ ਦੀ ਮੈਂਬਰਸ਼ਿਪ ਬਹਾਲ ਕਰ ਦਿੱਤੀ ਜਦੋਂ ਉਸ ਨੇ ਮੋਦੀ ਗੋਤ ਬਾਰੇ ਉਨ੍ਹਾ ਦੀ ਕਥਿਤ ਵਿਵਾਦਪੂਰਨ ਟਿੱਪਣੀ ਦੇ ਸੰਬੰਧ 'ਚ ਅਪਰਾਧਿਕ ਮਾਣਹਾਨੀ ਦੇ ਕੇਸ 'ਚ ਉਨ੍ਹਾ ਦੀ ਦੋ ਸਾਲ ਦੀ ਸਜ਼ਾ 'ਤੇ ਰੋਕ ਲਗਾ ਦਿੱਤੀ। ਰਾਹੁਲ ਨੇ 11 ਅਪ੍ਰੈਲ 2019 ਵਿਚ ਕਰਨਾਟਕ ਵਿਚ ਇਕ ਰੈਲੀ ਵਿਚ ਕਿਹਾ ਸੀ ਕਿ ਸਾਰੇ ਚੋਰਾਂ ਦਾ ਗੋਤ ਮੋਦੀ ਹੀ ਕਿਉਂ ਹੁੰਦਾ ਹੈ?

ਜਸਟਿਸ ਬੀ ਆਰ ਗਵਈ, ਜਸਟਿਸ ਪੀ ਐੱਸ ਨਰਸਿਮਹਾ ਅਤੇ ਜਸਟਿਸ ਸੰਜੇ ਕੁਮਾਰ ਦੀ ਬੈਂਚ ਨੇ ਕਿਹਾ ਕਿ ਇਸ 'ਚ ਕੋਈ ਸ਼ੱਕ ਨਹੀਂ ਹੈ ਕਿ ਟਿੱਪਣੀਆਂ ਸਹੀ ਨਹੀਂ ਸਨ ਅਤੇ ਇੱਕ ਆਗੂ ਤੋਂ ਜਨਤਕ ਜੀਵਨ 'ਚ ਭਾਸ਼ਣ ਦੇਣ ਵੇਲੇ ਸਾਵਧਾਨੀ ਵਰਤਣ ਦੀ ਉਮੀਦ ਕੀਤੀ ਜਾਂਦੀ ਹੈ। ਬੈਂਚ ਨੇ ਕਿਹਾ ਕਿ ਹਾਲਾਂਕਿ ਹੇਠਲੀ ਅਦਾਲਤ ਤੇ ਹਾਈ ਕੋਰਟ ਨੇ ਰਾਹੁਲ ਦੀਆਂ ਅਰਜ਼ੀਆਂ ਖਾਰਜ ਕਰਨ ਲਈ ਕਾਫੀ ਪੰਨੇ ਖਰਚ ਕੀਤੇ, ਪਰ ਵੱਧ ਤੋਂ ਵੱਧ ਸਜ਼ਾ ਦੇਣ ਦਾ ਕੋਈ ਖਾਸ ਕਾਰਨ ਨਹੀਂ ਦੱਸਿਆ। ਇਸ ਲਈ ਅੰਤਿਮ ਫੈਸਲੇ ਤੱਕ ਦੋਸ਼ੀ ਠਹਿਰਾਉਣ ਦੇ ਹੁਕਮ 'ਤੇ ਰੋਕ ਲਗਾਉਣ ਦੀ ਲੋੜ ਹੈ।

ਬੈਂਚ ਨੇ ਹੇਠਲੀਆਂ ਅਦਾਲਤਾਂ ਦੇ ਫੈਸਲੇ 'ਤੇ ਤਿੰਨ ਖਾਸ ਗੱਲਾਂ ਕਹੀਆਂ। ਉਸ ਨੇ ਕਿਹਾ-ਅਸੀਂ ਜਾਣਨਾ ਚਾਹੁੰਦੇ ਹਾਂ ਕਿ ਟ੍ਰਾਇਲ ਕੋਰਟ ਨੇ ਵੱਧ ਤੋਂ ਵੱਧ ਸਜ਼ਾ ਕਿਉਂ ਦਿੱਤੀ? ਜੱਜ ਨੂੰ ਫੈਸਲੇ ਵਿਚ ਇਹ ਗੱਲ ਦੱਸਣੀ ਚਾਹੀਦੀ ਸੀ। ਜੇ ਜੱਜ ਨੇ ਇਕ ਸਾਲ 11 ਮਹੀਨੇ ਦੀ ਸਜ਼ਾ ਦਿੱਤੀ ਹੁੰਦੀ ਤਾਂ ਰਾਹੁਲ ਨੂੰ ਲੋਕ ਸਭਾ ਦੀ ਮੈਂਬਰੀ ਦੇ ਅਯੋਗ ਨਹੀਂ ਠਹਿਰਾਇਆ ਜਾ ਸਕਣਾ ਸੀ। ਦੂਜੀ ਗੱਲ ਇਹ ਕਿ ਵੱਧ ਤੋਂ ਵੱਧ ਸਜ਼ਾ ਦੇ ਚੱਲਦਿਆਂ ਲੋਕ ਸਭਾ ਸੀਟ ਬਿਨਾਂ ਸਾਂਸਦ ਦੇ ਰਹਿ ਜਾਏਗੀ। ਇਹ ਸਿਰਫ ਇਕ ਵਿਅਕਤੀ ਦੇ ਅਧਿਕਾਰ ਦਾ ਹੀ ਮਾਮਲਾ ਨਹੀਂ ਹੈ, ਇਹ ਉਸ ਸੀਟ ਦੇ ਵੋਟਰਾਂ ਦੇ ਅਧਿਕਾਰ ਨਾਲ ਜੁੜਿਆ ਮਸਲਾ ਵੀ ਹੈ। (ਰਾਹੁਲ ਕੇਰਲਾ ਦੇ ਵਾਇਨਾਡ ਹਲਕੇ ਤੋਂ ਲੋਕ ਸਭਾ ਦੇ ਮੈਂਬਰ ਚੁਣੇ ਗਏ ਸਨ)। ਤੀਜੀ ਗੱਲ ਇਹ ਕਿ ਇਸ ਵਿਚ ਕੋਈ ਸ਼ੱਕ ਨਹੀਂ ਕਿ ਭਾਸ਼ਣ ਵਿਚ ਜੋ ਵੀ ਕਿਹਾ ਗਿਆ, ਉਹ ਚੰਗਾ ਨਹੀਂ ਸੀ। ਆਗੂਆਂ ਨੂੰ ਲੋਕਾਂ ਵਿਚ ਬੋਲਦੇ ਵਕਤ ਸਾਵਧਾਨੀ ਵਰਤਣੀ ਚਾਹੀਦੀ ਹੈ। ਇਹ ਰਾਹੁਲ ਗਾਂਧੀ ਦਾ ਫਰਜ਼ ਬਣਦਾ ਹੈ ਕਿ ਇਸ ਦਾ ਧਿਆਨ ਰੱਖਣ।

ਇਸ ਤੋਂ ਪਹਿਲਾਂ ਰਾਹੁਲ ਗਾਂਧੀ ਵੱਲੋਂ ਪੇਸ਼ ਵਕੀਲ ਅਭਿਸ਼ੇਕ ਮਨੂੰ ਸਿੰਘਵੀ ਨੇ ਸੁਪਰੀਮ ਕੋਰਟ ਨੂੰ ਦੱਸਿਆ ਕਿ ਕਾਂਗਰਸ ਨੇਤਾ ਖਿਲਾਫ ਮਾਣਹਾਨੀ ਦਾ ਕੇਸ ਦਾਇਰ ਕਰਨ ਵਾਲੇ ਗੁਜਰਾਤ ਦੇ ਸਾਬਕਾ ਮੰਤਰੀ ਪੂਣਨੇਸ਼ ਮੋਦੀ ਦਾ ਅਸਲੀ ਗੋਤ ਮੋਦੀ ਨਹੀਂ ਹੈ ਅਤੇ ਉਹ ਮੋਢ ਵਣਿਕਾ ਸਮਾਜ ਨਾਲ ਸੰਬੰਧਤ ਹੈ। ਸਿੰਘਵੀ ਨੇ ਬੈਂਚ ਨੂੰ ਦੱਸਿਆ ਕਿ ਉਨ੍ਹਾ ਦਾ ਮੁਵੱਕਲ ਕੋਈ ਅਪਰਾਧੀ ਨਹੀਂ ਹੈ ਅਤੇ ਭਾਜਪਾ ਵਰਕਰਾਂ ਵੱਲੋਂ ਉਨ੍ਹਾ ਖਿਲਾਫ ਕਈ ਕੇਸ ਦਰਜ ਕੀਤੇ ਜਾਣ ਦੇ ਬਾਵਜੂਦ ਰਾਹੁਲ ਨੂੰ ਕਿਸੇ ਵੀ ਮਾਮਲੇ 'ਚ ਸਜ਼ਾ ਨਹੀਂ ਹੋਈ ਹੈ।

ਸੁਪਰੀਮ ਕੋਰਟ ਦੇ ਫੈਸਲੇ ਤੋਂ ਬਾਅਦ ਰਾਹੁਲ ਦੀ ਮੈਂਬਰੀ ਬਹਾਲ ਹੋ ਜਾਵੇਗੀ ਤੇ ਉਹ ਮੌਜੂਦਾ ਅਜਲਾਸ ਵਿਚ ਹਿੱਸਾ ਲੈ ਸਕਣਗੇ। ਅਗਲੇ ਸਾਲ ਚਾਹੁਣ ਤਾਂ ਚੋਣ ਲੜ ਸਕਦੇ ਹਨ, ਬਸ਼ਰਤੇ ਕਿ ਸੁਪਰੀਮ ਕੋਰਟ ਦਾ ਆਖਰੀ ਫੈਸਲਾ ਉਨ੍ਹਾ ਦੇ ਖਿਲਾਫ ਨਾ ਹੋਵੇ। ਰਾਹੁਲ ਨੂੰ ਬਤੌਰ ਸਾਂਸਦ ਮਿਲਣ ਵਾਲਾ ਸਰਕਾਰੀ ਘਰ ਫਿਰ ਤੋਂ ਮਿਲ ਜਾਵੇਗਾ।

ਇਸੇ ਦੌਰਾਨ ਲੋਕ ਸਭਾ 'ਚ ਕਾਂਗਰਸ ਦੇ ਆਗੂ ਅਧੀਰ ਰੰਜਨ ਚੌਧਰੀ ਨੇ ਲੋਕ ਸਭਾ ਦੇ ਸਪੀਕਰ ਓਮ ਬਿਰਲਾ ਨੂੰ ਮਿਲ ਕੇ ਮੰਗ ਕੀਤੀ ਹੈ ਕਿ ਰਾਹੁਲ ਨੂੰ ਸਦਨ 'ਚ ਆਉਣ ਦੀ ਆਗਿਆ ਦਿੱਤੀ ਜਾਵੇ।

ਕਾਂਗਰਸ ਦੇ ਜਨਰਲ ਸਕੱਤਰ ਜੈਰਾਮ ਰਮੇਸ਼ ਨੇ ਕਿਹਾ-ਸੁਪਰੀਮ ਕੋਰਟ ਦਾ ਫੈਸਲਾ ਸੱਚ ਤੇ ਨਿਆਂ ਦੀ ਪੁਸ਼ਟੀ ਕਰਨ ਵਾਲਾ ਹੈ। ਭਾਜਪਾ ਦੀ ਪੂਰੀ ਮਸ਼ੀਨਰੀ ਦੇ ਨਿਰੰਤਰ ਯਤਨਾਂ ਦੇ ਬਾਵਜੂਦ ਰਾਹੁਲ ਗਾਂਧੀ ਨੇ ਹਾਰ ਮੰਨਣ, ਝੁਕਣ ਜਾਂ ਦਬਣ ਤੋਂ ਇਨਕਾਰ ਕਰਦਿਆਂ ਨਿਆਂਇਕ ਪ੍ਰਕ੍ਰਿਆ ਵਿਚ ਆਪਣਾ ਵਿਸ਼ਵਾਸ ਜਤਾਇਆ। ਇਹ ਭਾਜਪਾ ਤੇ ਉਸ ਦੇ ਗੁਲਾਮਾਂ ਲਈ ਇਕ ਸਬਕ ਹੈ : ਤੁਸੀਂ

● ਬਾਕੀ ਸਫ਼ਾ 2 'ਤੇ

ਸਚਾਈ ਦੀ ਜਿੱਤ ਹੋਣੀ ਹੀ ਸੀ : ਰਾਹੁਲ

ਨਵੀਂ ਦਿੱਲੀ : ਸਜ਼ਾ 'ਤੇ ਰੋਕ ਤੋਂ ਬਾਅਦ ਰਾਹੁਲ ਗਾਂਧੀ ਨੇ ਕਿਹਾ ਕਿ ਸੱਚਾਈ ਦੀ ਹਮੇਸ਼ਾ ਜਿੱਤ ਹੁੰਦੀ ਹੈ। ਕਾਂਗਰਸ ਹੈੱਡਕੁਆਰਟਰ 'ਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਰਾਹੁਲ ਨੇ ਕਿਹਾ-ਆਜ ਨਹੀਂ ਤੋ ਕਲ, ਕਲ ਨਹੀਂ ਤੋਂ ਪਰਸੋਂ ਸੱਚਾਈ ਕੀ ਜੀਤ ਹੋਤੀ ਹੈ। ਪਰ ਮੇਰਾ ਰਾਹ ਸਾਫ ਹੈ। ਮੇਰੇ ਮਨ ਵਿਚ ਸਾਫ ਹੈ ਕਿ ਮੈਂ ਕੀ ਕਰਨਾ ਹੈ ਤੇ ਮੇਰਾ ਕੰਮ ਕੀ ਹੈ। ਜਿਨ੍ਹਾਂ ਲੋਕਾਂ ਨੇ ਸਾਡੀ ਮਦਦ ਕੀਤੀ ਮੈਂ ਉਨ੍ਹਾਂ ਦਾ ਧੰਨਵਾਦ ਕਰਦਾ ਹਾਂ। ਮੈਂ ਪਿਆਰ ਤੇ ਹਮਾਇਤ ਦੇਣ ਵਾਲਿਆਂ ਦਾ ਵੀ ਧੰਨਵਾਦ ਕਰਦਾ ਹਾਂ।

ਇਸ ਮੌਕੇ ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਸੁਪਰੀਮ ਕੋਰਟ ਦੇ ਫੈਸਲੇ ਨੂੰ ਜਮਹੂਰੀਅਤ ਤੇ ਸੰਵਿਧਾਨ ਦੀ ਜਿੱਤ ਕਰਾਰ ਦਿੰਦਿਆਂ ਕਿਹਾ ਕਿ ਸਪੀਕਰ ਨੇ ਰਾਹੁਲ ਨੂੰ ਲੋਕ ਸਭਾ ਤੋਂ ਬਰਖਾਸਤ ਕਰਨ ਵਿਚ 24 ਘੰਟੇ ਵੀ ਨਹੀਂ ਲਾਏ ਸਨ, ਦੇਖਦੇ ਹਾਂ ਕਿ ਬਹਾਲ ਕਰਨ ਵਿਚ ਕਿੰਨਾ ਸਮਾਂ ਲੈਂਦੇ ਹਨ।

ਅਯੁੱਧਿਆ 'ਚ ਪ੍ਰਾਣ ਪ੍ਰਤਿਸ਼ਠਾ ਜਨਵਰੀ 'ਚ

ਅਯੁੱਧਿਆ : ਇੱਥੇ ਰਾਮ ਮੰਦਰ ਵਿਖੇ ਪ੍ਰਾਣ ਪ੍ਰਤਿਸ਼ਠਾ ਸਮਾਗਮ 21, 22 ਤੇ 23 ਜਨਵਰੀ ਨੂੰ ਹੋਵੇਗਾ। ਟਰੱਸਟ ਦੇ ਮੈਂਬਰਾਂ ਨੇ ਕਿਹਾ ਹੈ ਕਿ ਇਸ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਸੱਦਾ ਘੱਲਿਆ ਜਾਵੇਗਾ। ਟਰੱਸਟ ਦੇ ਜਨਰਲ ਸਕੱਤਰ ਚੰਪਤ ਰਾਇ ਨੇ ਦੱਸਿਆ ਕਿ ਮੁੱਖ ਸਮਾਗਮ ਗੈਰ-ਸਿਆਸੀ ਹੋਵੇਗਾ। ਵੱਖ-ਵੱਖ ਪਾਰਟੀਆਂ ਨੂੰ ਵੀ ਸੱਦਿਆ ਜਾਵੇਗਾ, ਜੇ ਉਹ ਆਉਣਾ ਚਾਹੁੰਣ। ਸਟੇਜ ਨਹੀਂ ਲਾਈ ਜਾਵੇਗੀ ਤੇ ਨਾ ਹੀ ਪਬਲਿਕ ਮੀਟਿੰਗ ਹੋਵੇਗੀ। ਟਰੱਸਟ ਦੀ 25 ਹਜ਼ਾਰ ਤੋਂ ਵੱਧ ਹਿੰਦੂ ਸੰਤਾਂ ਨੂੰ ਵੀ ਸੱਦਣ ਦੀ ਯੋਜਨਾ ਹੈ। ਇਸਤੋਂ ਇਲਾਵਾ 10 ਹਜ਼ਾਰ ਵਿਸ਼ੇਸ਼ ਮਹਿਮਾਨ ਵੀ ਸੱਦੇ ਜਾਣਗੇ।

ਗਿਆਨਵਾਪੀ ਕੰਪਲੈਕਸ ਦਾ ਸਰਵੇਖਣ ਸ਼ੁਰੂ

ਵਾਰਾਨਸੀ : ਇਲਾਹਾਬਾਦ ਹਾਈ ਕੋਰਟ ਦੇ ਹੁਕਮਾਂ ਤੋਂ ਬਾਅਦ ਭਾਰਤੀ ਪੁਰਾਤੱਤਵ ਸਰਵੇਖਣ (ਏ ਐੱਸ ਆਈ) ਦੀ ਟੀਮ ਨੇ ਸ਼ੁੱਕਰਵਾਰ ਸਵੇਰੇ ਇੱਥੇ ਗਿਆਨਵਾਪੀ ਕੰਪਲੈਕਸ ਦਾ ਸਰਵੇਖਣ ਸ਼ੁਰੂ ਕਰ ਦਿੱਤਾ। ਹਿੰਦੂ ਪੱਖ ਦੇ ਵਕੀਲ ਮਦਨ ਮੋਹਨ ਯਾਦਵ ਨੇ ਦੱਸਿਆ ਕਿ ਏ ਐੱਸ ਆਈ ਦੀ 43 ਮੈਂਬਰੀ ਟੀਮ ਸਵੇਰੇ 7 ਵਜੇ ਦੇ ਕਰੀਬ ਗਿਆਨਵਾਪੀ ਕੰਪਲੈਕਸ 'ਚ ਦਾਖਲ ਹੋਈ। ਯਾਦਵ ਨੇ ਦੱਸਿਆ ਕਿ ਸਰਵੇਖਣ ਦਾ ਕੰਮ ਪੰਜ-ਛੇ ਦਿਨ ਚੱਲਣ ਦੀ ਸੰਭਾਵਨਾ ਹੈ। ਉਨ੍ਹਾਂ ਦੱਸਿਆ ਕਿ ਇਸ ਦੌਰਾਨ ਹਿੰਦੂ ਪਟੀਸ਼ਨਰ ਆਪਣੇ ਵਕੀਲਾਂ ਸਮੇਤ ਮੌਕੇ 'ਤੇ ਮੌਜੂਦ ਹਨ। ਮੁਸਲਿਮ ਪੱਖ ਤੋਂ ਕੋਈ ਵੀ ਮੌਜੂਦ ਨਹੀਂ ਹੈ। ਮੁਸਲਿਮ ਪੱਖ ਨੇ ਇਸ ਸਰਵੇਖਣ ਤੋਂ ਦੂਰ ਰਹਿਣ ਦਾ ਫੈਸਲਾ ਕੀਤਾ ਹੈ।

ਰਾਈਫਲਾਂ ਤੇ 19 ਹਜ਼ਾਰ ਗੋਲੀਆਂ ਲੁੱਟੀਆਂ

ਇੰਫਾਲ : ਮਨੀਪੁਰ 'ਚ ਭੀੜ ਨੇ ਬਿਸ਼ਨੂਪੁਰ ਜ਼ਿਲ੍ਹੇ ਦੇ ਨਰਨਸੀਨਾ 'ਚ ਦੂਜੀ ਇੰਡੀਅਨ ਰਿਜ਼ਰਵ ਬਟਾਲੀਅਨ (ਆਈ ਆਰ ਬੀ) ਦੇ ਹੈੱਡਕੁਆਰਟਰ 'ਚ ਦਾਖਲ ਹੋ ਕੇ ਏ ਕੇ ਅਤੇ 'ਘਾਤਕ' ਸ਼੍ਰੇਣੀ ਦੀਆਂ ਰਾਈਫਲਾਂ ਅਤੇ 19,000 ਤੋਂ ਵੱਧ ਗੋਲੀਆਂ ਲੁੱਟ ਲਈਆਂ।

ਚੋਣ ਕਮਿਸ਼ਨਰ ਖਿਲਾਫ ਪਟੀਸ਼ਨ ਖਾਰਜ

ਨਵੀਂ ਦਿੱਲੀ : ਸੁਪਰੀਮ ਕੋਰਟ ਨੇ ਅਰੁਣ ਗੋਇਲ ਦੀ ਚੋਣ ਕਮਿਸ਼ਨਰ ਵਜੋਂ ਨਿਯੁਕਤੀ ਵਿਰੁੱਧ ਦਾਇਰ ਪਟੀਸ਼ਨ ਨੂੰ ਖਾਰਜ ਕਰ ਦਿੱਤਾ ਹੈ। ਅਦਾਲਤ ਨੇ ਕਿਹਾ ਕਿ ਸੰਵਿਧਾਨਕ ਬੈਂਚ ਪਹਿਲਾਂ ਹੀ ਇਸ ਮਾਮਲੇ ਨੂੰ ਦੇਖ ਚੁੱਕੀ ਹੈ।

'ਇੰਡੀਆ' ਦੀ ਵਰਤੋਂ ਖਿਲਾਫ ਪਟੀਸ਼ਨ 'ਤੇ ਨੋਟਿਸ

ਨਵੀਂ ਦਿੱਲੀ : ਦਿੱਲੀ ਹਾਈ ਕੋਰਟ ਨੇ ਵਿਰੋਧੀ ਪਾਰਟੀਆਂ ਨੂੰ ਗੱਠਜੋੜ ਲਈ 'ਇੰਡੀਆ' ਸ਼ਬਦ ਦੀ ਵਰਤੋਂ ਕਰਨ ਤੋਂ ਰੋਕਣ ਦੀ ਮੰਗ ਵਾਲੀ ਪਟੀਸ਼ਨ 'ਤੇ ਸ਼ੁੱਕਰਵਾਰ ਕੇਂਦਰ ਸਰਕਾਰ, ਭਾਰਤੀ ਚੋਣ ਕਮਿਸ਼ਨ ਅਤੇ 26 ਸਿਆਸੀ ਪਾਰਟੀਆਂ ਤੋਂ ਜਵਾਬ ਮੰਗਿਆ ਹੈ। ਆਗਾਮੀ ਲੋਕ ਸਭਾ ਚੋਣਾਂ 'ਚ ਭਾਜਪਾ ਦਾ ਮੁਕਾਬਲਾ ਕਰਨ ਲਈ 26 ਵਿਰੋਧੀ ਪਾਰਟੀਆਂ ਨੇ 17-18 ਜੁਲਾਈ ਨੂੰ ਬੇਂਗਲੂਰੂ 'ਚ ਹੋਈ ਆਪਣੀ ਮੀਟਿੰਗ 'ਚ ਇੰਡੀਆ ਨਾਮਕ ਗਠਜੋੜ ਦਾ ਐਲਾਨ ਕੀਤਾ ਸੀ।

ਜਹਾਜ਼ ਦਾ ਇੰਜਣ ਫੇਲ੍ਹ

ਪਟਨਾ : ਦਿੱਲੀ ਜਾ ਰਹੇ ਇੰਡੀਗੋ ਦੇ ਹਵਾਈ ਜਹਾਜ਼ ਦਾ ਇੰਜਣ ਫੇਲ੍ਹ ਹੋਣ ਕਾਰਨ ਉਸਨੂੰ ਸ਼ੁੱਕਰਵਾਰ ਸਵੇਰੇ ਪਟਨਾ ਹਵਾਈ ਅੱਡੇ 'ਤੇ ਐਮਰਜੰਸੀ ਉਤਾਰਨਾ ਪਿਆ। ਹਵਾਈ ਅੱਡੇ ਦੇ ਅਧਿਕਾਰੀ ਨੇ ਕਿਹਾ ਕਿ ਜੈ ਪ੍ਰਕਾਸ਼ ਨਰਾਇਣ ਹਵਾਈ ਅੱਡੇ ਤੋਂ ਉਡਾਣ ਭਰਨ ਤੋਂ ਤੁਰੰਤ ਬਾਅਦ ਜਹਾਜ਼ ਦੀ ਐਮਰਜੇਂਸੀ ਲੈਂਡਿੰਗ ਕਰਨੀ ਪਈ।

ਸ਼ਰਤਾਂ ਨਾਲ ਪੇਸ਼ਗੀ ਜ਼ਮਾਨਤ

ਨਵੀਂ ਦਿੱਲੀ : ਇਥੋਂ ਦੀ ਆਦਲਤ ਨੇ 1984 ਦੇ ਸਿੱਖ ਵਿਰੋਧੀ ਦੰਗਿਆਂ ਦੇ ਮਾਮਲੇ 'ਚ ਕਾਂਗਰਸੀ ਆਗੂ ਜਗਦੀਸ਼ ਟਾਈਟਲਰ ਨੂੰ ਸ਼ੁੱਕਰਵਾਰ ਅਗਾਊਂ ਜ਼ਮਾਨਤ ਦੇ ਦਿੱਤੀ। ਅਦਾਲਤ ਨੇ ਟਾਈਟਲਰ ਨੂੰ ਕਿਹਾ ਕਿ ਸਬੂਤਾਂ ਜਾਂ ਗਵਾਹਾਂ ਨੂੰ ਪ੍ਰਭਾਵਤ ਨਾ ਕਰਨਾ ਤੇ ਨਾ ਹੀ ਅਦਾਲਤ ਦੀ ਇਜਾਜ਼ਤ ਬਗੈਰ ਦੇਸ਼ ਛੱਡਣਾ।

ਪਾਕਿ ਜਾਂਦਾ ਮਾਰਿਆ ਗਿਆ

ਤਰਨ ਤਾਰਨ : ਭਾਰਤ-ਪਾਕਿਸਤਾਨ ਸਰਹੱਦ 'ਤੇ ਸਥਿਤ ਬੀ ਐੱਸ ਐੱਫ ਦੀ ਸਰਹੱਦੀ ਚੌਕੀ ਖਾਲੜਾ ਬੀ ਓ ਪੀ ਅਧੀਨ ਆਉਂਦੇ ਖੇਤਰ ਅੰਦਰ ਤਿੰਨ-ਚਾਰ ਅਗਸਤ ਦੀ ਰਾਤ ਨੂੰ ਭਾਰਤ ਵਾਲੇ ਪਾਸਿਓਂ ਕੰਡਿਆਲੀ ਤਾਰ ਨੂੰ ਪਾਰ ਕਰਕੇ ਪਾਕਿਸਤਾਨ ਦਾਖਲ ਹੋਣ ਦੀ ਕੋਸ਼ਿਸ਼ ਕਰਨ ਵਾਲੇ ਨੂੰ ਬੀ ਐੱਸ ਐੱਫ ਜਵਾਨਾਂ ਨੇ ਗੋਲੀ ਮਾਰ ਕੇ ਮਾਰ ਦਿੱਤਾ।

ਪਾਕਿ ਸੰਸਦ 9 ਨੂੰ ਭੰਗ ਹੋਵੇਗੀ?

ਇਸਲਾਮਾਬਾਦ : ਪਾਕਿਸਤਾਨ ਦੇ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ ਸੰਸਦ ਦੀ ਮਿਆਦ ਖਤਮ ਹੋਣ ਤੋਂ ਤਿੰਨ ਦਿਨ ਪਹਿਲਾਂ ਉਸ ਨੂੰ 9 ਅਗਸਤ ਨੂੰ ਭੰਗ ਕਰ ਸਕਦੇ ਹਨ। ਇਸ ਨਾਲ ਦੇਸ਼ 'ਚ ਨਵੰਬਰ ਮਹੀਨੇ ਤੱਕ ਆਮ ਚੋਣਾਂ ਲਈ ਰਾਹ ਪੱਧਰਾ ਹੋ ਜਾਵੇਗਾ। ਸੰਸਦ ਦੀ ਪੰਜ ਸਾਲ ਦੀ ਮਿਆਦ 12 ਅਗਸਤ ਨੂੰ ਖਤਮ ਹੋਣ ਵਾਲੀ ਹੈ।

ਨਗਰ ਪੰਚਾਇਤ ਚੋਣਾਂ ਲਈ ਤਿਆਰ ਹਾਂ : ਸੁਖਬੀਰ

ਫਰੀਦਕੋਟ : ਅਕਾਲੀ ਦਲ ਦੇ ਸੂਬਾ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕੋਟਕਪੂਰਾ ਗੋਲੀ ਕਾਂਡ 'ਚ ਸ਼ੁੱਕਰਵਾਰ ਇੱਥੇ ਪੇਸ਼ੀ ਭੁਗਤੀ। ਇਸ ਕੇਸ ਦੀ ਅਗਲੀ ਸੁਣਵਾਈ ਹੁਣ 19 ਅਗਸਤ ਨੂੰ ਹੋਵੇਗੀ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸੁਖਬੀਰ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਨਗਰ ਪੰਚਾਇਤ ਦੀਆਂ ਚੋਣਾਂ ਲਈ ਤਿਆਰ ਹੈ।

ਵਿਸ਼ੇਸ਼ ਗਿਰਦਾਵਰੀ 15 ਤੱਕ ਹਰ ਹੀਲੇ ਮੁਕੰਮਲ ਕਰਨ ਦੇ ਹੁਕਮ

ਚੰਡੀਗੜ੍ਹ (ਗੁਰਜੀਤ ਬਿੱਲਾ)-ਪੰਜਾਬ 'ਚ ਹੜ੍ਹਾਂ ਕਾਰਨ ਹੋਏ ਨੁਕਸਾਨ ਦੀ ਪੂਰਤੀ ਲਈ ਲੋਕਾਂ ਨੂੰ ਇਕ-ਇਕ ਪੈਸੇ ਦਾ ਮੁਆਵਜ਼ਾ ਦੇਣ ਲਈ ਸੂਬਾ ਸਰਕਾਰ ਦੀ ਵਚਨਬੱਧਤਾ ਨੂੰ ਦੁਹਰਾਉਂਦੇ ਹੋਏ ਮੁੱਖ ਮੰਤਰੀ ਭਗਵੰਤ ਮਾਨ ਨੇ ਸ਼ੁੱਕਰਵਾਰ ਸੂਬੇ ਦੇ ਹੜ੍ਹ ਪ੍ਰਭਾਵਿਤ ਜ਼ਿਲ੍ਹਿਆਂ 'ਚ ਚੱਲ ਰਹੀ ਵਿਸ਼ੇਸ਼ ਗਿਰਦਾਵਰੀ ਦੀ ਪ੍ਰਗਤੀ ਦਾ ਜਾਇਜ਼ਾ ਲਿਆ। ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਸੂਬੇ ਭਰ 'ਚ ਹੜ੍ਹਾਂ ਤੋਂ ਪ੍ਰਭਾਵਿਤ ਹੋਏ ਲੋਕਾਂ ਨੂੰ ਮੁਆਵਜ਼ਾ ਦੇਣ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਇਸ ਉਦੇਸ਼ ਲਈ ਸੂਬਾ ਸਰਕਾਰ ਕੋਲ ਫੰਡਾਂ ਦੀ ਕਮੀ ਨਹੀਂ ਅਤੇ ਹੜ੍ਹ ਪ੍ਰਭਾਵਿਤ ਲੋਕਾਂ ਨੂੰ ਰਾਹਤ ਦੇਣ 'ਚ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ। ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾ ਨੇ ਵਿਸ਼ੇਸ਼ ਗਿਰਦਾਵਰੀ ਕਰਵਾਉਣ ਦੇ ਹੁਕਮ ਪਹਿਲਾਂ ਹੀ ਜਾਰੀ ਕੀਤੇ ਹੋਏ ਹਨ ਤਾਂ ਕਿ ਸੂਬੇ 'ਚ ਹੜ੍ਹਾਂ ਦੇ ਨੁਕਸਾਨ ਦਾ ਅਨੁਮਾਨ ਲਾਇਆ ਜਾ ਸਕੇ। ਉਨ੍ਹਾ

● ਬਾਕੀ ਸਫ਼ਾ 2 'ਤੇ

ਪੰਜਾਬ ਦੇ 22 ਸਣੇ 508 ਸਟੇਸ਼ਨਾਂ ਦੇ ਨਵੀਨੀਕਰਨ ਦਾ ਨੀਂਹ ਪੱਥਰ ਪਰਸੋਂ

ਨਵੀਂ ਦਿੱਲੀ : ਪ੍ਰਧ

5-AUG-PAGE-1.qxd 8/4/2023 9:26 PM Page 2

ਡੀ ਐੱਮ ਕਾਲਜ ਆਫ਼ ਐਜੂਕੇਸ਼ਨ ਦਾ ਨਤੀਜਾ ਸ਼ਾਨਦਾਰ

ਰਾਮਪੁਰਾ ਫੂਲ (ਦਰਸ਼ਨ ਸਿੰਦਲ)-ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਐਲਾਨੇ ਗਏ ਬੀ ਐੱਡ ਦੇ ਨਤੀਜੇ ਅਨੁਸਾਰ ਡੀ ਐਮ ਕਾਲਜ ਆਫ਼ ਐਜੂਕੇਸ਼ਨ, ਕਰਾੜਵਾਲਾ (ਬਠਿੰਡਾ) ਦੇ ਵਿਦਿਆਰਥੀਆਂ ਦਾ ਸ਼ਾਨਦਾਰ ਪ੍ਰਦਰਸ਼ਨ ਰਿਹਾ। ਕਾਲਜ ਦੀਆਂ ਵਿਦਿਆਰਥਣਾਂ ਉਰਵਸ਼ੀ ਤੇ ਯਸ਼ਸਵੀ ਦੋਵਾਂ ਨੇ 95 ਫ਼ੀਸਦੀ ਅੰਕ ਪ੍ਰਾਪਤ ਕੀਤੇ ਅਤੇ ਵਿਦਿਆਰਥੀ ਗੌਰਵ ਜੈਨ, ਦਿਲਪ੍ਰੀਤ ਕੌਰ ਤੇ ਸ਼ਵਿੰਦਰ ਸਿੰਘ ਨੇ 94 ਫ਼ੀਸਦੀ ਅੰਕ ਪ੍ਰਾਪਤ ਕੀਤੇ। ਵਿਦਿਆਰਥਣ ਹਰਪ੍ਰੀਤ ਕੌਰ, ਕਮਲਜੀਤ ਕੌਰ, ਮਨਦੀਪ ਕੌਰ, ਪ੍ਰਾਚੀ ਤੇ ਸਰਬਜੀਤ ਕੌਰ ਨੇ 93 ਫ਼ੀਸਦੀ ਅੰਕ ਪ੍ਰਾਪਤ ਕਰਨ ਦੇ ਨਾਲ-ਨਾਲ ਸਾਰੇ ਵਿਦਿਆਰਥੀਆਂ 80 ਫ਼ੀਸਦੀ ਤੋਂ ਉੱਪਰ ਅੰਕ ਲੈ ਕੇ ਪਾਸ ਹੋਏ। ਇਸ ਸ਼ਾਨਦਾਰ ਪ੍ਰਦਰਸ਼ਨ ਸਬੰਧੀ ਖੁਸ਼ੀ ਜ਼ਾਹਰ ਕਰਦੇ ਹੋਏ ਸੰਸਥਾ ਦੇ ਚੇਅਰਮੈਨ ਇੰਜਨੀਅਰ ਅਵਤਾਰ ਸਿੰਘ ਢਿੱਲੋਂ ਨੇ ਸ਼ਬਦਾਂ ਕਿਹਾ ਹੈ ਕਿ ਦ੍ਰਿੜ ਇਰਾਦੇ ਅਤੇ ਸਖਤ ਮਿਹਨਤ ਨਾਲ ਅਜਿਹੇ ਮੁਕਾਮ ਸਿਰਜੇ ਜਾਂਦੇ ਹਨ, ਜੋ ਆਉਣ ਵਾਲੇ ਨਵਾਂ ਵਿਦਿਆਰਥੀਆਂ ਲਈ ਰਾਹ ਦਸੇਰਾ ਹੁੰਦੇ ਹਨ ਤੇ ਅਖੀਰ ਵਿੱਚ ਉਨ੍ਹਾਂ ਨੇ ਵਿਦਿਆਰਥੀਆਂ ਨੂੰ ਭਵਿੱਖ ਵਿੱਚ ਆਦਰਸ਼ਵਾਦੀ ਅਧਿਆਪਕ ਬਣਨ ਲਈ ਪ੍ਰੇਰਦਾ ਹੋਏ ਪ੍ਰਿੰਸੀਪਲ, ਸੰਬੰਧਤ ਸਟਾਫ਼ ਵਿਦਿਆਰਥੀਆਂ ਤੇ ਉਨ੍ਹਾਂ ਦੇ ਮਾਤਾ-ਪਿਤਾ ਨੂੰ ਵਧਾਈ ਦਿੱਤੀ।

ਬੀ ਐੱਸ ਸੀ ਪ੍ਰੀਖਿਆ 'ਚ ਕੀਤਾ ਸ਼ਾਨਦਾਰ ਪ੍ਰਦਰਸ਼ਨ

ਮਲੋਟ (ਗੁਰਮੀਤ ਸਿੰਘ ਮੱਕੜ)-ਡੀ.ਏ.ਵੀ. ਕਾਲਜ ਦੀ ਵਿਦਿਆਰਥਣ ਟੀਸ਼ਾ ਨੇ ਬੀ.ਐਸ.ਸੀ. ਦੇ ਦੂਜੇ ਸਾਲ ਦੀ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੀ ਪ੍ਰੀਖਿਆ ਵਿਚ ਸ਼ਾਨਦਾਰ ਪ੍ਰਦਰਸ਼ਨ ਕੀਤਾ। ਸ਼੍ਰੀ ਸ਼ੁਭੇਸ਼ ਗਰੋਵਰ, ਡੀਨ ਅਕਾਦਮਿਕ ਨੇ ਦੱਸਿਆ ਕਿ ਵਿਦਿਆਰਥਣ ਨੇ ਪੰਜਾਬ ਯੂਨੀਵਰਸਿਟੀ ਦੀ ਮੈਰਿਟ ਸੂਚੀ ਵਿੱਚ ਪੰਜਵਾਂ ਸਥਾਨ ਪ੍ਰਾਪਤ ਕੀਤਾ ਹੈ। ਡਾ. ਮੁਕਤਾ ਮੁਟਨੇਜਾ ਨੇ ਦੱਸਿਆ ਕਿ ਵਿਦਿਆਰਥਣ ਨੇ ਐਨ.ਸੀ.ਸੀ. 'ਸੀ' ਸਰਟੀਫਿਕੇਟ ਵੀ ਪ੍ਰਾਪਤ ਕੀਤਾ ਹੋਇਆ ਹੈ। ਪ੍ਰਿੰਸੀਪਲ ਸ਼੍ਰੀ ਸ਼ੁਭਾਸ਼ ਗੁਪਤਾ ਅਤੇ ਸਮੂਹ ਸਟਾਫ਼ ਨੇ ਵਿਦਿਆਰਥਣ ਦੇ ਚੰਗੇ ਭਵਿੱਖ ਦੀ ਕਾਮਨਾ ਕਰਦੇ ਹੋਏ ਇਸ ਸ਼ਾਨਦਾਰ ਪ੍ਰਾਪਤੀ ਲਈ ਉਸਦੇ ਮਾਤਾ-ਪਿਤਾ ਤੇ ਸਮੁੱਚੀ ਸਾਇੰਸ ਫੈਕਲਟੀ ਨੂੰ ਵਧਾਈ ਦਿੱਤੀ।

ਅਧਿਆਪਕਾਂ ਤੋਂ ਲਏ ਜਾਂਦੇ ਗੈਰ ਵਿੱਦਿਅਕ ਕੰਮ ਤੁਰੰਤ ਬੰਦ ਕੀਤੇ ਜਾਣ : ਰਾਜਦੀਪ ਬਰੇਟਾ

ਬਰੇਟਾ (ਗੀਤਵਾਲ)-ਪੰਜਾਬ ਵਿੱਚ ਭਾਰਤ ਸਾਖਰਤਾ ਮਿਸ਼ਨ ਨੂੰ ਪ੍ਰਾਇਮਰੀ ਸਕੂਲਾਂ ਦੇ ਅਧਿਆਪਕਾਂ ਰਾਹੀਂ ਲਾਗੂ ਕੀਤਾ ਜਾ ਰਿਹਾ ਹੈ ਤੇ ਅਧਿਆਪਕਾਂ ਤੋਂ ਗੈਰ ਵਿਦਿਅਕ ਕੰਮ ਲਏ ਜਾਂਦੇ ਹਨ, ਜੋ ਬਿਲਕੁਲ ਗ਼ਲਤ ਹੈ ਅਤੇ ਅਨਪੜ੍ਹ ਬਜ਼ੁਰਗਾਂ ਨੂੰ ਪੜ੍ਹਾਉਣ ਲਈ ਅਧਿਆਪਕਾਂ ਨੂੰ ਘਰ-ਘਰ ਭੇਜਿਆ ਜਾ ਰਿਹਾ ਹੈ, ਜਿਸ ਦਾ ਸਖਤ ਵਿਰੋਧ ਕਰਦਿਆਂ ਅਧਿਆਪਕ ਦਲ ਪੰਜਾਬ ਦੇ ਸੂਬਾ ਸੀਨੀਅਰ ਮੀਤ ਪ੍ਰਧਾਨ ਰਾਜਦੀਪ ਸਿੰਘ ਬਰੇਟਾ ਨੇ ਕਿਹਾ ਕਿ ਸਕੂਲਾਂ ਦੇ ਵਿਦਿਆਰਥੀਆਂ ਨੂੰ ਸਮੇਂ ਸਿਰ ਪੜ੍ਹਾਉਣ ਨਹੀਂ ਦਿੱਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਆਧਿਆਪਕਾਂ ਨੇ ਘਰ ਘਰ ਜਾ ਕੇ ਤਰਲੇ ਮਿੰਨਤਾਂ ਨਾਲ ਬੱਚਿਆਂ ਨੂੰ ਸਰਕਾਰੀ ਸਕੂਲਾਂ ਵਿਚ ਦਾਖਲ ਕਰਾਇਆ ਸੀ। ਹੁਣ ਉਨ੍ਹਾਂ ਦੇ ਮਾਪਿਆਂ ਨੂੰ ਪ੍ਰਾਈਵੇਟ ਸਕੂਲਾਂ ਵਿਚ ਦਾਖਲ ਕਰਾਉਣਾ ਪੈ ਰਿਹਾ ਹੈ। ਇਸ ਲਈ ਉਨ੍ਹਾਂ ਕਿਹਾ ਕਿ ਸਰਕਾਰੀ ਆਧਿਆਪਕਾਂ ਦੀ ਬਜਾਏ ਬਰੁਜ਼ਗਾਰ ਅਧਿਆਪਕਾਂ ਦੀ ਭਰਤੀ ਕਰਕੇ ਭਾਰਤੀ ਸਾਖਰਤਾ ਮਿਸ਼ਨ ਨੂੰ ਲਾਗੂ ਕੀਤਾ ਜਾਵੇ। ਅਧਿਆਪਕਾਂ ਦੀ ਬੀ.ਐਲ.ਓ ਡਿਊਟੀ ਕੱਟੀ ਜਾਵੇ ਤੇ ਹੋਰ ਗੈਰ ਵਿਦਿਅਕ ਕੰਮ ਲੈਣੇ ਬੰਦ ਕੀਤੇ ਜਾਣ।

ਹੜ੍ਹ ਪੀੜਤਾਂ ਵਾਸਤੇ ਰਾਸ਼ਨ ਇਕੱਠਾ ਕੀਤਾ

ਲੋਗੋਵਾਲ (ਕੁਲਦੀਪ ਅੱਤਰੀ, ਪ੍ਰਦੀਪ ਸਿੰਘ ਸੱਪਲ)-ਸਿਪਾਹੀ ਦਰਸ਼ਨ ਸਿੰਘ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਸੇਰੋਂ ਦੇ ਸਕਾਊਟਿੰਗ ਵਲੰਟੀਅਰਜ਼ ਦੁਆਰਾ ਹੜ੍ਹ ਪੀੜਤਾਂ ਵਾਸਤੇ ਰਾਸ਼ਨ ਇਕੱਠਾ ਕੀਤਾ ਗਿਆ। ਵਿਦਿਆਰਥੀਆਂ ਦੀ ਅਗਵਾਈ ਕੰਪਿਊਟਰ ਫੈਕਲਟੀ ਸ੍ਰ. ਯਾਦਵਿੰਦਰ ਸਿੰਘ ਸਕਾਉਟ ਮਾਸਟਰ ਤੇ ਪ੍ਰਿੰਸੀਪਲ ਡਾਕਟਰ ਕੈਪਟਨ ਓਮ ਪ੍ਰਕਾਸ਼ ਸੇਤੀਆ ਨੇ ਕੀਤੀ। ਸਕਾਉਟ ਤੇ ਗਾਈਡਜ਼ ਅਵਤਾਰ ਸਿੰਘ, ਗੁਰਦਾਸ ਸਿੰਘ, ਅਰਸਪ੍ਰੀਤ ਸਿੰਘ, ਸੁਖਵਿੰਦਰ ਸਿੰਘ, ਖੁਸ਼ਪ੍ਰੀਤ ਸਿੰਘ, ਮਨਪ੍ਰੀਤ ਕੌਰ, ਖੁਸ਼ਪ੍ਰੀਤ ਕੌਰ, ਹੁਸਨ ਦੀਪ ਕੌਰ ਵਿਦਿਆਰਥੀਆਂ ਨੇ ਰਾਸ਼ਨ ਇਕੱਠਾ ਕੀਤਾ।

ਡਿਪਟੀ ਕਮਿਸ਼ਨਰ ਵੱਲੋਂ ਆਮ ਆਦਮੀ ਕਲੀਨਿਕਾਂ ਦੀ ਜਾਂਚ

ਸੰਗਰੂਰ (ਪ੍ਰਵੀਨ ਸਿੰਘ)-ਡਿਪਟੀ ਕਮਿਸ਼ਨਰ ਜਤਿੰਦਰ ਜੋਰਵਾਲ ਨੇ ਐੱਸ.ਡੀ.ਐੱਮ. ਵਿਨੀਤ ਕੁਮਾਰ ਸਮੇਤ ਭਵਾਨੀਗੜ੍ਹ ਤੇ ਨਦਾਮਪੁਰ ਵਿਖੇ ਚੱਲ ਰਹੇ ਆਮ ਆਦਮੀ ਕਲੀਨਿਕਾਂ ਦੀ ਅਚਨਚੇਤ ਜਾਂਚ ਕੀਤੀ ਅਤੇ ਮੌਕੇ 'ਤੇ ਮੌਜੂਦ ਲੋਕਾਂ ਤੋਂ ਕਲੀਨਿਕਾਂ ਬਾਰੇ ਫੀਡਬੈਕ ਹਾਸਲ ਕੀਤੀ। ਡਿਪਟੀ ਕਮਿਸ਼ਨਰ ਜਤਿੰਦਰ ਜੋਰਵਾਲ ਨੇ ਕਿਹਾ ਕਿ ਲੋਕਾਂ ਨੂੰ ਉਨ੍ਹਾਂ ਦੇ ਘਰਾਂ ਦੇ ਨਜ਼ਦੀਕ ਸਰਵੋਤਮ ਸਿਹਤ ਸੇਵਾਵਾਂ ਮੁਹੱਈਆ ਕਰਵਾਉਣ ਲਈ ਪੰਜਾਬ ਸਰਕਾਰ ਵੱਲੋਂ ਸਥਾਪਤ ਆਮ ਆਦਮੀ ਕਲੀਨਿਕਾਂ ਦਾ ਲੋਕਾਂ ਨੂੰ ਵੱਡਾ ਲਾਭ ਹਾਸਲ ਹੋ ਰਿਹਾ ਹੈ ਤੇ ਇਥੇ ਮਾਹਰਾਂ ਵੱਲੋਂ ਰੋਗੀਆਂ ਦੇ ਮੁਫ਼ਤ ਨਰੀਖਣ ਦੇ ਨਾਲ ਨਾਲ ਦਵਾਈਆਂ ਤੇ ਮੁਫ਼ਤ ਟੈਸਟ ਦੀ ਸੁਵਿਧਾ ਉਪਲਬਧ ਹੋਣ ਕਾਰਨ ਲੋਕਾਂ ਨੂੰ ਬੇਲੋੜੀ ਖੱਜਲ ਖੁਆਰੀ ਤੋਂ ਵੱਡੀ ਰਾਹਤ ਮਿਲੀ ਹੈ। ਡਿਪਟੀ ਕਮਿਸ਼ਨਰ ਨੇ ਇਸ ਦੌਰਾਨ ਪਿਛਲੇ ਕੁਝ ਸਮੇਂ 'ਚ ਸਬੰਧਤ ਕਲੀਨਿਕਾਂ ਰਾਹੀਂ ਮਰੀਜ਼ਾਂ ਨੂੰ ਪ੍ਰਦਾਨ ਕੀਤੀਆਂ ਗਈਆਂ ਸੇਵਾਵਾਂ ਦਾ ਜਾਇਜ਼ਾ ਲੈਂਦਿਆਂ ਡਾਕਟਰੀ ਸਟਾਫ਼ ਦੇ ਉਦਮਾਂ ਦੀ ਵੀ ਸ਼ਲਾਘਾ ਕੀਤੀ। ਇਸੇ ਦੌਰਾਨ ਡਿਪਟੀ ਕਮਿਸ਼ਨਰ ਦੀਆਂ ਹਦਾਇਤਾਂ 'ਤੇ ਐੱਸ.ਡੀ.ਐੱਮ. ਸੰਗਰੂਰ ਨਵਰੀਤ ਕੌਰ ਸੇਖੋਂ, ਐੱਸ.ਡੀ.ਐੱਮ. ਸੁਨਾਮ ਜਸਪ੍ਰੀਤ ਸਿੰਘ, ਐੱਸ.ਡੀ.ਐੱਮ. ਧੂਰੀ ਅਮਿਤ ਗੁਪਤਾ ਨੇ ਵੀ ਸਬ ਡਵੀਜ਼ਨਾਂ ਵਿੱਚ ਚੱਲ ਰਹੇ ਆਮ ਆਦਮੀ ਕਲੀਨਿਕਾਂ ਦੀ ਕਾਰਗੁਜ਼ਾਰੀ ਦਾ ਜਾਇਜ਼ਾ ਲਿਆ।

ਪਰਸਵਾਰਥ ਸਭਾ ਦੇ ਪ੍ਰਾਇਮਰੀ ਸਕੂਲ 'ਚ ਬੱਚਿਆਂ ਨੂੰ ਵੰਡੀ ਸਟੇਸ਼ਨਰੀ

ਜਲਾਲਾਬਾਦ (ਜੀਤ ਕੁਮਾਰ)-ਸਮਾਜ ਸੇਵੀ ਸੰਸਥਾ ਸਿਟੀਜਨ ਵੈੱਲਫੇਅਰ ਕੌਂਸਲ ਜਲਾਲਾਬਾਦ ਵੱਲੋਂ ਗਾਂਧੀ ਨਗਰ ਵਿਖੇ ਸਥਿਤ ਪਰਸਵਰਥ ਸਭਾ ਦੇ ਪ੍ਰਇਮਰੀ ਸਕੂਲ 'ਚ ਸਟੇਸ਼ਨਰੀ ਵੰਡ ਸਮਾਰੋਹ ਕੀਤਾ ਗਿਆ। ਇਸ ਮੌਕੇ ਪ੍ਰਧਾਨ ਦੇਵ ਰਾਜ ਸ਼ਰਮਾ ਤੇ ਸਰਪ੍ਰਸਤ ਰਾਜ ਕੁਮਾਰ ਗਗਨੇਜਾ ਨੇ ਸੰਬੋਧਨ ਕਰਦਿਆਂ ਦੱਸਿਆ ਕਿ ਸੰਸਥਾ ਪਿਛਲੇ 35 ਸਾਲਾਂ ਤੋਂ ਸਮਾਜ ਭਲਾਈ ਦੇ ਕਾਰਜ ਕਰਦੀ ਆ ਰਹੀ ਹੈ ਤੇ ਇਹ 78ਵਾਂ ਸਟੇਸ਼ਨਰੀ ਵੰਡ ਸਮਾਰੋਹ ਕੀਤਾ ਗਿਆ ਹੈ। ਇਸ ਸਮੇਂ ਜਨਰਲ ਸਕੱਤਰ ਪ੍ਰਵੇਸ਼ ਖੰਨਾ ਨੇ ਜਿੱਥੇ ਸੰਸਥਾ ਦੇ ਵੱਖ-ਵੱਖ ਕਾਰਜਾਂ ਸਬੰਧੀ ਵਿਸਥਾਰ ਨਾਲ ਦੱਸਿਆ, ਉੱਥੇ ਹੀ ਸੀਨੀਅਰ ਮੈਂਬਰ ਮਦਨ ਲਾਲ ਗੁੰਬਰ ਨੇ ਕਿਹਾ ਕਿ ਬੱਚਿਆਂ ਨੂੰ ਜ਼ਿੰਮੇਵਾਰੀ ਦੇ ਨਾਲ ਪੜ੍ਹਦਿਆਂ ਸਮਾਜ ਦੀ ਭਲਾਈ ਲਈ ਪ੍ਰੇਰਿਤ ਕੀਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਖਜ਼ਾਨਚੀ ਸਤੀਸ਼ ਚਰਾਇਆ, ਦੇਸ ਰਾਜ ਗਾਂਧੀ, ਕੇਦਾਰ ਨਾਥ ਨਾਗਪਾਲ, ਮੋਹਨ ਲਾਲ ਕੁੱਕੜ, ਬਲਬੀਰ ਸਿੰਘ ਰਹੇਜਾ, ਰੋਸ਼ਨ ਲਾਲ ਅਸੀਜਾ, ਗੁਰਬਚਨ ਸਿੰਘ ਮਦਾਨ, ਸਤੀਸ਼ ਚੁਚਰਾ, ਐਡਵੋਕੇਟ ਸੰਦੀਪ ਝਾਂਬ, ਗੁਰਦੀਪ ਸਿੰਘ ਛਾਬੜਾ, ਪ੍ਰਬੰਧਕ ਗੁਰਚਰਨ ਸਿੰਘ ਕਮੀਰੀਆ, ਸਕੂਲ ਸਟਾਫ ਤੇ ਬੱਚੇ ਸ਼ਾਮਲ ਸਨ।

ਕਿਸਾਨ ਯੂਨੀਅਨ ਦੋਆਬਾ ਦਾ ਜੱਟਪੁਰਾ 'ਚ ਗਠਨ

ਰਾਏਕੋਟ (ਇਕਬਾਲ ਸਿੰਘ ਫੇਰੂਰਾਈਂ)-ਪਿੰਡ ਜੱਟਪੁਰਾ ਵਿਖੇ ਕਿਸਾਨ ਯੂਨੀਅਨ ਦੋਆਬਾ ਦੀ ਇਕਾਈ ਦਾ ਗਠਨ ਕੀਤਾ ਗਿਆ, ਜਿਸ 'ਚ ਦਵਿੰਦਰ ਸਿੰਘ ਨੂੰ ਇਕਾਈ ਪ੍ਰਧਾਨ ਥਾਪਿਆ ਗਿਆ ਤੇ 21 ਮੈਂਬਰੀ ਕਮੇਟੀ ਦਾ ਗਠਨ ਕੀਤਾ ਗਿਆ। ਜ਼ਿਲ੍ਹਾ ਪ੍ਰਧਾਨ ਜਸਪ੍ਰੀਤ ਸਿੰਘ ਢੱਟ ਤੇ ਬਲਾਕ ਪ੍ਰਧਾਨ ਗੁਰਮਿੰਦਰ ਸਿੰਘ ਗੋਗੀ ਭੁੱਲਰ ਵੱਲੋਂ ਸਾਰੀ ਇਕਾਈ ਨੂੰ ਜੀ ਆਇਆਂ ਆਖਿਆ। ਇਸ ਮੌਕੇ ਤੇਜਿੰਦਰ ਸਿੰਘ ਬੱਸੀਆਂ, ਰਾਜੂ ਤਲਵੰਡੀ, ਸਰਪੰਚ ਰਾਜਵੀਰ ਸਿੰਘ, ਗੁਰਸੇਵਕ ਸਿੰਘ ਮਿੱਠਾ, ਸਰਪੰਚ ਰਛਪਾਲ ਸਿੰਘ, ਅਨਿਲ ਕੁਮਾਰ, ਮਨਦੀਪ ਸਿੰਘ ਬੱਸੀਆਂ, ਅਮਨਾ ਝੋਰੜਾ ਤੇ ਦਰਸੀ ਬੱਸੀਆਂ ਤੋਂ ਦਵਿੰਦਰ ਸਿੰਘ ਪ੍ਰਧਾਨ, ਮਨਦੀਪ ਸਿੰਘ ਖਜ਼ਾਨਚੀ, ਸੁਖਦੇਵ ਸਿੰਘ ਸੀਨੀਅਰ ਮੀਤ ਪ੍ਰਧਾਨ, ਪ੍ਰਮਿੰਦਰ ਸਿੰਘ ਮੀਤ ਪ੍ਰਧਾਨ ਤੇ ਸਵਰਨ ਸਿੰਘ ਆੜ੍ਹਤੀਆ ਹਾਜ਼ਰ ਸਨ।

ਹੀਰੋਸ਼ੀਮਾ ਦਿਵਸ 'ਤੇ ਸੂਬਾਈ ਅਮਨ ਕਾਨਫਰੰਸ ਮੋਗਾ 'ਚ

ਮੋਗਾ : ਕੁੱਲ ਹਿੰਦ ਅਮਨ ਅਤੇ ਇਕਮੁੱਠਤਾ ਸੰਗਠਨ ਦੀ ਪੰਜਾਬ ਇਕਾਈ ਵੱਲੋਂ ਹੀਰੋਸ਼ੀਮਾ ਦਿਵਸ 'ਤੇ ਸੂਬਾਈ ਅਮਨ ਕਾਨਫਰੰਸ ਸ਼ਹੀਦ ਕਾਮਰੇਡ ਨਛੱਤਰ ਸਿੰਘ ਧਾਲੀਵਾਲ ਭਵਨ ਮੋਗਾ ਵਿਖੇ ਕੀਤੀ ਜਾ ਰਹੀ ਹੈ। ਪ੍ਰੈਸ ਨੂੰ ਇਹ ਜਾਣਕਾਰੀ ਜਥੇਬੰਦੀ ਦੇ ਸੂਬਾ ਮੀਤ ਪ੍ਰਧਾਨ ਡਾਕਟਰ ਇੰਦਰਵੀਰ ਸਿੰਘ ਗਿੱਲ, ਜ਼ਿਲ੍ਹਾ ਪ੍ਰਧਾਨ ਡਾ. ਪਵਨ ਥਾਪਰ ਜ਼ਿਲ੍ਹਾ ਜਨਰਲ ਸਕੱਤਰ ਇਜ: ਸਵਰਨ ਸਿੰਘ ਖੋਸਾ, ਤਰਸੇਮ ਸਿੰਘ ਸਟੇਟ ਕਮੇਟੀ ਮੈਂਬਰ ਅਤੇ ਪੋਹਲਾ ਸਿੰਘ ਬਰਾੜ ਜ਼ਿਲ੍ਹਾ ਕੈਸ਼ੀਅਰ ਨੇ ਦਿੱਤੀ। ਉਨ੍ਹਾਂ ਦੱਸਿਆ ਕਿ 6 ਅਗਸਤ 1945 ਨੂੰ ਅਮਰੀਕਾ ਨੇ ਜਾਪਾਨ ਦੇ ਹੀਰੋਸ਼ੀਮਾ ਸ਼ਹਿਰ 'ਤੇ ਪ੍ਰਮਾਣੂ ਬੰਬ ਸੁੱਟਿਆ ਸੀ, 80 ਹਜ਼ਾਰ ਲੋਕ ਮੌਕੇ 'ਤੇ ਹੀ ਮਾਰੇ ਗਏ ਅਤੇ ਅਗਲੇ ਕੁਝ ਸਮੇਂ ਵਿੱਚ ਪ੍ਰਮਾਣੂ ਬੰਬ ਦੀਆਂ ਰੇਡੀਓ ਕਿਰਨਾਂ ਦੇ ਮਨੁੱਖੀ ਸਰੀਰਾਂ 'ਤੇ ਲੰਮਾ ਸਮਾਂ ਘਾਤਕ ਅਸਰ ਹੋਣ ਕਰਕੇ ਉਪਜੀਆਂ ਘਾਤਕ ਬਿਮਾਰੀਆਂ ਦੇ ਸ਼ਿਕਾਰ ਲੋਕਾਂ ਦੀ ਮੌਤ ਵੀ ਜੋੜੀ ਜਾਵੇ ਤਾਂ ਹੀਰੋਸ਼ੀਮਾ 'ਤੇ ਪ੍ਰਮਾਣੂ ਹਮਲੇ 'ਚ 2 ਲੱਖ ਦੇ ਲਗਭਗ ਲੋਕ ਮਾਰੇ ਗਏ ਸਨ। ਇਸੇ ਤਰ੍ਹਾਂ ਜਾਪਾਨ ਦੇ ਹੀ ਦੂਸਰੇ ਸਹਿਰ ਨਾਗਾਸਾਕੀ ਵਿਖੇ 9 ਅਗਸਤ ਨੂੰ ਦੂਸਰਾ ਪ੍ਰਮਾਣੂ ਬੰਬ ਸੁੱਟਿਆ ਗਿਆ। ਜਿਸ ਵਿੱਚ ਵੀ ਲਗਭਗ 74 ਹਜ਼ਾਰ ਲੋਕ ਪਲਾਂ 'ਚ ਹੀ ਮੌਤ ਦੇ ਮੂੰਹ ਵਿੱਚ ਚਲੇ ਗਏ ਸਨ। ਮਨੁੱਖੀ ਇਤਿਹਾਸ 'ਚ ਕਿਸੇ ਦੇਸ਼ ਵੱਲੋਂ ਪ੍ਰਮਾਣੂ ਬੰਬ ਦੀ ਵਰਤੋਂ ਦਾ ਪਹਿਲਾ ਮੌਕਾ ਸੀ। ਪ੍ਰਮਾਣੂ ਬੰਬ ਦੇ ਤਬਾਹਕੁੰਨ ਅਸਰ ਨੇ ਸਮੁੱਚੀ ਮਨੁੱਖਤਾ ਨੂੰ ਝੰਜੋੜ ਕੇ ਰੱਖ ਦਿੱਤਾ। ਦੁਨੀਆ ਭਰ ਵਿੱਚ ਪ੍ਰਮਾਣੂ ਹਥਿਆਰਾਂ ਦੀ ਵਰਤੋਂ 'ਤੇ ਰੋਕ ਲਗਾਉਣ ਲਈ ਵੱਖ ਵੱਖ ਲਹਿਰਾਂ ਨੇ ਜਨਮ ਲਿਆ। ਇਸੇ ਚੋਂ ਹੀ ਵਰਲਡ ਪੀਸ ਕੌਂਸਲ ਦਾ ਗਠਨ ਹੋਇਆ ਸੀ। ਇਸ ਦੇ ਭਾਰਤੀ ਅੰਗ ਨੂੰ ਐਪਸੋ ਵਜੋਂ ਜਾਣਿਆ ਜਾਂਦਾ ਹੈ। ਮਨੁੱਖਤਾ ਨੂੰ 6 ਅਗਸਤ 1945 ਤੇ 9 ਅਗਸਤ 1945 ਵਰਗੇ ਕਾਲੇ ਦਿਨ ਦੁਬਾਰਾ ਕਦੇ ਵੀ ਵੇਖਣ ਨੂੰ ਨਾ ਮਿਲਣ, ਇਸ ਲਈ ਦੁਨੀਆ ਭਰ 'ਚ ਹਰ ਸਾਲ ਅਮਨ ਤੇ ਇਨਸਾਫ ਪਸੰਦ ਲੋਕਾਂ ਵੱਲੋਂ ਇਸ ਦਿਨ ਨੂੰ ਯਾਦ ਕਰਦਿਆਂ ਪ੍ਰਮਾਣੂ ਬੰਬਾਂ ਦੀ ਵਰਤੋਂ 'ਤੇ ਸਦਾ ਲਈ ਪਬੰਦੀ ਲਾਉਣ ਅਤੇ ਇਨ੍ਹਾਂ ਵਿਰੁੱਧ ਵਿਸ਼ਾਲ ਲਹਿਰ ਖੜ੍ਹੀ ਕਰਨ ਲਈ ਅਹਿਦ ਕੀਤਾ ਜਾਂਦਾ ਹੈ। ਇਸ ਕਾਨਫਰੰਸ ਵਿੱਚ ਹੋਰਨਾਂ ਤੋਂ ਇਲਾਵਾ ਜਥੇਬੰਦੀ ਦੇ ਕੁੱਲ ਹਿੰਦ ਆਗੂ ਐਡਵੋਕੇਟ ਹਰਚੰਦ ਸਿੰਘ ਬਾਠ ਅਤੇ ਡਾ. ਅਰੁਣ ਮਿੱਤਰਾ ਪ੍ਰਧਾਨ ਇੰਡੀਅਨ ਡਾਕਟਰਜ਼ ਫਾਰ ਪੀਸ ਐਂਡ ਡਿਵੈਲਪਮੈਂਟ ਵਿਸ਼ੇਸ਼ ਤੌਰ 'ਤੇ ਸੰਬੋਧਨ ਕਰਨਗੇ।

ਲਹਿਰਾਗਾਗਾ ਸੀਵਰ ਗੈਸ ਹਾਦਸੇ ਦਾ ਸ਼ਿਕਾਰ ਹੋਏ ਸਫਾਈ ਕਰਮੀ ਸੁਖਵਿੰਦਰ ਸਿੰਘ ਹੈਪੀ ਨੂੰ ਸੈਂਕੜੇ ਲੋਕਾਂ ਵੱਲੋਂ ਸ਼ਰਧਾਂਜਲੀ

ਲਹਿਰਾਗਾਗਾ (ਪਵਨ ਸ਼ਰਮਾ)-ਪਿਛਲੇ ਦਿਨੀਂ ਲਹਿਰਾਗਾਗਾ 'ਚ ਵਾਪਰੇ ਸੀਵਰੇਜ ਗੈਸ ਹਾਦਸੇ ਦੀ ਭੇਟ ਚੜ੍ਹੇ ਸਫਾਈ ਕਰਮੀ ਸੁਖਵਿੰਦਰ ਸਿੰਘ ਹੈਪੀ ਦੀ ਅੰਤਮ ਅਰਦਾਸ ਮੌਕੇ ਸਮੂਹ ਸਫਾਈ ਕਰਮਚਾਰੀਆਂ, ਜਨਤਕ ਜਥੇਬੰਦੀਆਂ, ਰਾਜਨੀਤਕ ਆਗੂਆਂ ਅਤੇ ਸ਼ਹਿਰ ਨਿਵਾਸੀਆਂ ਨੇ ਸ਼ਰਧਾਂਜਲੀ ਭੇਟ ਕਰਦੇ ਹੋਏ ਪੀੜਤ ਪਰਵਾਰ ਨਾਲ ਹਮਦਰਦੀ ਪ੍ਰਗਟ ਕੀਤੀ । ਸੀਵਰ ਦੇ ਮੇਨਹੋਲ ਦੀ ਸਫਾਈ ਦੌਰਾਨ ਜ਼ਹਿਰੀਲੀ ਗੈਸ ਚੜ੍ਹਨ ਕਰਕੇ ਸਫਾਈ ਕਰਮੀ ਸੁਖਵਿੰਦਰ ਹੈਪੀ ਦੀ ਮੌਕੇ 'ਤੇ ਹੀ ਮੌਤ ਹੋ ਗਈ ਸੀ ਅਤੇ ਦੋ ਹੋਰ ਕਾਮੇ ਬੇਹੋਸ਼ ਹੋ ਗਏ ਸਨ ਜਿਹੜੇ ਅਜੇ ਵੀ ਜ਼ਿੰਦਗੀ-ਮੌਤ ਦੀ ਲੜਾਈ ਲੜ ਰਹੇ ਹਨ। ਸ਼ਰਧਾਂਜਲੀ ਸਮਾਗਮ ਨੂੰ ਸੰਬੋਧਨ ਕਰਦਿਆਂ ਸਫਾਈ ਮਜ਼ਦੂਰ ਯੂਨੀਅਨ ਦੇ ਜ਼ਿਲ੍ਹਾ ਆਗੂ ਭਾਰਤ ਬੇਦੀ ਸੁਖਵਿੰਦਰ ਮੰਗੂ, ਸੰਦੀਪ ਬਾਲੀ ਨੇ ਕਿਹਾ ਕਿ ਸਾਡਾ ਨੌਜਵਾਨ ਸਾਥੀ ਸੁਖਵਿੰਦਰ ਹੈਪੀ ਇੱਕ ਹੋਣਹਾਰ

5-Aug-PAGE- 3qxd.qxd 8/4/2023 9:35 PM Page 1

ਪਿੰਡ-ਪਿੰਡ ਖੋਲ੍ਹੀਆਂ ਜਾਣਗੀਆਂ ਖੇਡ ਨਰਸਰੀਆਂ : ਈ.ਟੀ.ਓ.

ਤਰਸਿੱਕਾ/ਜੰਡਿਆਲਾ ਗੁਰੂ (ਤਰਸੇਮ ਸਿੰਘ ਸਾਧਪੁਰ, ਹਰਿੰਦਰਪਾਲ ਸਿੰਘ)-ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਦੀ ਅਗਵਾਈ ਹੇਠ ਸਰਕਾਰ ਵਲੋਂ ਜਾਰੀ ਕੀਤੀ ਗਈ ਨਵੇਂ ਖੇਡ ਨੀਤੀ ਵਿੱਚ ਖਿਡਾਰੀਆਂ ਤੇ ਕੋਚਾਂ ਲਈ ਤੋਹਫੇ ਦਿੱਤੇ ਗਏ ਹਨ ਅਤੇ ਪਿੰਡ ਪੱਧਰ 'ਤੇ ਖੇਡ ਨਰਸਰੀਆਂ ਖੋਲ੍ਹੀਆਂ ਜਾਣਗੀਆਂ।

ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਕੈਬਿਨਟ ਮੰਤਰੀ ਪੰਜਾਬ ਹਰਭਜਨ ਸਿੰਘ ਈਟੀਓ ਨੇ ਜੰਡਿਆਲਾ ਗੁਰੂ ਹਲਕੇ ਅਤੇ ਬਲਾਕ ਤਰਸਿੱਕਾ ਦੇ ਪਿੰਡ ਖਜਾਲਾ ਦੇ ਰਹਿਣ ਵਾਲੇ ਪਹਿਲਵਾਨ ਪ੍ਰਭਪਾਲ ਸਿੰਘ ਖਜਾਲਾ ਦਾ ਪਿੰਡ ਪੁੱਜਣ 'ਤੇ ਸਵਾਗਤ ਕਰਨ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਦੱਸਣਯੋਗ ਹੈ ਕਿ ਕੈਨੇਡਾ ਦੇ ਸ਼ਹਿਰ ਵਿਨਪਿਗ ਵਿੱਚ ਚੱਲ ਰਹੀ ਵਰਲਡ ਪੁਲਸ ਹੈਲਿੰਗ ਚੈਂਪੀਅਨਸ਼ਿਪ ਵਿੱਚ ਪ੍ਰਭਪਾਲ ਸਿੰਘ ਨੇ 92 ਕਿਲੋ ਭਾਰ ਫ੍ਰੀ ਸਟਾਈਲ ਅਤੇ 87 ਕਿਲੋ ਭਾਰਤ ਵਰਗ ਰੋਮਨ ਸਟਾਈਲ ਹੈਲਿੰਗ ਵਿੱਚ ਦੋ ਸੋਨ ਤਮਗੇ ਜਿੱਤੇ ਹਨ ਅਤੇ ਪ੍ਰਭਪਾਲ ਸਿੰਘ ਪੰਜਾਬ ਪੁਲਸ ਵਿੱਚ ਬਤੌਰ ਸਬ-ਇੰਸਪੈਕਟਰ ਸੇਵਾਵਾਂ ਨਿਭਾ ਰਿਹਾ ਹੈ। ਸ: ਈਟੀਓ ਨੇ ਕਿਹਾ ਕਿ ਬੜੇ ਮਾਣ ਵਾਲੀ ਗੱਲ ਹੈ ਕਿ ਜੰਡਿਆਲਾ ਹਲਕੇ ਦੇ ਇਸ ਨੌਜਵਾਨ ਨੇ ਆਪਣੇ ਪਿੰਡ ਅਤੇ ਸੂਬੇ ਦਾ ਨਾਂ ਰੌਸ਼ਨ ਕੀਤਾ ਹੈ। ਸ: ਈਟੀਓ ਨੇ ਦੱਸਿਆ ਕਿ ਪੰਜਾਬ ਸਰਕਾਰ ਖਿਡਾਰੀਆਂ ਨੂੰ ਹਰ ਤਰ੍ਹਾਂ ਦੀਆਂ ਸਹੂਲਤਾਂ ਦੇਣ ਲਈ ਵਚਨਬੱਧ ਹੈ। ਉਨ੍ਹਾਂ ਦੱਸਿਆ ਕਿ ਬਿਹਤਰੀਨ ਖਿਡਾਰੀਆਂ ਲਈ 500 ਆਸਾਮੀਆਂ, 80 ਤੋਂ ਵੱਧ ਖੇਡ ਮੁਕਾਬਲਿਆਂ ਦੇ ਮੈਡਲ ਜੇਤੂਆਂ ਲਈ ਨਕਦ ਇਨਾਮ ਤੋਂ ਇਲਾਵਾ ਕੋਚਾਂ ਲਈ ਬਲਬੀਰ ਸਿੰਘ ਸੀਨੀਅਰ ਤੇ ਪ੍ਰਮੋਟਰਾਂ ਲਈ ਮਿਲਖਾ ਸਿੰਘ ਅਵਾਰਡ ਲਈ ਸ਼ੁਰੂਆਤ ਕੀਤੀ ਗਈ ਹੈ ਅਤੇ ਇਸ ਤੋਂ ਇਲਾਵਾ ਕੌਮਾਂਤਰੀ ਖੇਡ ਮੁਕਾਬਲਿਆਂ ਦੀ ਤਿਆਰੀ ਲਈ ਵੀ ਨਗਦ ਇਨਾਮ ਮਿਲਣਗੇ।

ਉਨ੍ਹਾਂ ਦੱਸਿਆ ਕਿ ਏਸ਼ੀਅਨ ਖੇਡਾਂ ਦੇ ਜੇਤੂ ਤੇ ਹਿੱਸੇਦਾਰ ਖਿਡਾਰੀਆਂ ਨੂੰ ਪੰਜਾਬ ਸਰਕਾਰ 500 ਸਰਕਾਰੀ ਨੌਕਰੀਆਂ ਦੇਣ ਜਾ ਰਹੀ ਹੈ, ਜਿਸ ਵਿੱਚ ਗੋਲਡ ਮੈਡਲ ਜੇਤੂ ਡਿਪਟੀ ਡਾਇਰੈਕਟਰ ਦੀਆਂ 40 ਆਸਾਮੀਆਂ, ਸਿਲਵਰ ਮੈਡਲ ਜੇਤੂ ਲਈ ਸੀਨੀਅਰ ਕੋਚ ਦੀਆਂ 92 ਆਸਾਮੀਆਂ, ਕਾਂਸਾ ਮੈਡਲ ਜੇਤੂ ਲਈ ਕੋਚ ਦੀਆਂ 138 ਆਸਾਮੀਆਂ ਅਤੇ ਹਿੱਸਾ ਲੈਣ ਵਾਲੇ ਖਿਡਾਰੀ ਜੂਨੀਅਰ ਕੋਚ ਦੀਆਂ 230 ਆਸਾਮੀਆਂ ਭਰੀਆਂ

1.46 ਕਰੋੜ ਦੀ ਲਾਗਤ ਨਾਲ ਬਣਨ ਵਾਲੇ ਸਦਭਾਵਨਾ ਸੈਂਟਰ ਦਾ ਨਿਰਮਾਣ ਕਾਰਜ ਸ਼ੁਰੂ

ਨੌਸ਼ਹਿਰਾ ਮੱਝਾ ਸਿੰਘ (ਸਤਨਾਮ ਸਿੰਘ ਕਿਰਤੀ)-ਕਸਬਾ ਨੌਸਹਿਰਾ ਮੱਝਾ ਸਿੰਘ ਵਿਖੇ ਮੁੱਖ ਮੰਤਰੀ ਪੰਜਾਬ ਸਰਦਾਰ ਭਗਵੰਤ ਸਿੰਘ ਮਾਨ ਅਤੇ ਵਿਧਾਇਕ ਬਟਾਲਾ ਅਮਨਸੇਰ ਸਿੰਘ ਸ਼ੈਰੀ ਕਲਸੀ ਦੇ ਉਦਮਾਂ ਸਦਕਾ 1 ਕਰੋੜ 46 ਲੱਖ ਰੁਪਏ ਦੀ ਲਾਗਤ ਨਾਲ ਬਣਨ ਵਾਲੇ ਸਦਭਾਵਨਾ ਕੇਂਦਰ ਦੀ ਨੀਹ ਰੱਖ ਕੇ ਕੰਮ ਸ਼ੁਰੂ ਕਰਵਾਇਆ ਗਿਆ। ਇਸ ਮੌਕੇ ਬੋਲਦਿਆਂ ਆਮ ਆਦਮੀ ਪਾਰਟੀ ਗੁਰਦਾਸਪੁਰ ਯੂਥ ਵਿੰਗ ਦੇ ਜ਼ਿਲ੍ਹਾ ਪ੍ਰਧਾਨ ਮਨਦੀਪ ਸਿੰਘ ਗਿੱਲ ਨੇ ਦੱਸਿਆ ਕਿ ਇਸ ਸਦਭਾਵਨਾ ਕੇਂਦਰ ਦੇ ਕੰਮ ਨੂੰ ਲਗਭਗ ਤਿੰਨ ਮਹੀਨਿਆਂ ਵਿੱਚ ਮੁਕੰਮਲ ਕਰਵਾ ਕੇ ਨਗਰ ਨਿਵਾਸੀਆਂ ਨੂੰ ਪਰਵਾਰਿਕ, ਸਮਾਜਿਕ, ਧਾਰਮਿਕ ਅਤੇ ਹੋਰ ਸਰਕਾਰੀ ਪ੍ਰੋਗਰਾਮ ਕਰਵਾਉਣ ਲਈ ਸੌਂਪ ਦਿੱਤਾ ਜਾਵੇਗਾ। ਮਨਦੀਪ ਸਿੰਘ ਗਿੱਲ ਨੇ ਇਸ ਪ੍ਰੋਜੈਕਟ ਲਈ ਜਿੱਥੇ ਪਰਮਾਤਮਾ ਦਾ ਸ਼ੁਕਰਾਨਾ ਕੀਤਾ ਓਥੇ ਹੀ ਕਸਬਾ ਨੌਸ਼ਹਿਰਾ ਮੱਝਾ ਸਿੰਘ ਦੀ ਆਮ ਆਦਮੀ ਪਾਰਟੀ ਦੀ ਸਮੁੱਚੀ ਟੀਮ ਨੂੰ ਵਧਾਈ ਦਿੱਤੀ। ਇਸ ਮੌਕੇ ਉਨ੍ਹਾਂ ਨਾਲ ਚੇਅਰਮੈਨ ਰਾਜਬੀਰ ਸਿੰਘ ਰੰਧਾਵਾ, ਅਮਨਦੀਪ ਸਿੰਘ ਗਿੱਲ, ਬਾਬਾ ਗੁਰਮੁੱਖ ਸਿੰਘ, ਸਤਿੰਦਰ ਸਿੰਘ ਕਾਹਲੋਂ, ਸਰਪੰਚ ਮਨਦੀਪ ਸਿੰਘ, ਸਤਨਾਮ ਸਿੰਘ ਕਿਰਤੀ, ਸੁਖਜਿੰਦਰ ਸਿੰਘ ਰੰਧਾਵਾ ਸਾਬਕਾ ਸਰਪੰਚ, ਗੁਰਪ੍ਰੀਤ ਸਿੰਘ ਸਿੱਧੂ, ਕੇਵਲ ਸਿੰਘ, ਜਸਬੀਰ ਸਿੰਘ ਗੋਪੀ, ਪਰਮਜੀਤ ਸਿੰਘ, ਰਾਜੂ ਰੰਧਾਵਾ, ਮਨਦੀਪ ਸਿੰਘ ਸੇਠੀ, ਠੇਕੇਦਾਰ ਮਾਨਵ ਗੁਪਤਾ ਆਦਿ ਹਾਜ਼ਰ ਸਨ।

ਬਹਾਦਰ ਨਗਰ ਦੇ ਲੋਕਾਂ ਵੱਲੋਂ ਡਿੱਪੂ ਹੋਲਡਰ ਖਿਲਾਫ ਤੁਰੰਤ ਕਾਰਵਾਈ ਦੀ ਮੰਗ

ਵਲਟੋਹਾ (ਰਣਜੀਤ ਸਿੰਘ ਵਲਟੋਹਾ)-ਪਿੰਡ ਬਹਾਦਰ ਨਗਰ ਵਿੱਚ ਪਿੰਡ ਦੀ ਪੰਚਾਇਤ ਅਤੇ ਪਿੰਡ ਵਾਸੀਆਂ ਨੇ ਡਿੱਪੂ ਹੋਲਡਰ ਕੇਵਲ ਸਿੰਘ ਵਿਰੁੱਧ ਸਰਕਾਰ ਵੱਲੋਂ ਆਈ ਹੋਈ ਕਣਕ ਲੋਕਾਂ ਨੂੰ ਪੂਰੀ ਨਾ ਦੇਣ ਬਾਬਤ ਉਪਰ ਤੱਕ ਦਰਖਾਸਤਾਂ ਪਾਈਆਂ ਸਨ ਜਿਸ ਦੇ ਸਬੰਧ ਵਿੱਚ ਵਿਪਨ ਸ਼ਰਮਾ ਸਹਾਇਕ ਖੁਰਾਕ ਸਪਲਾਈ ਅਫ਼ਸਰ ਅਤੇ ਜਗਦੀਪ ਸਿੰਘ ਢਿੱਲੋਂ ਇੰਸਪੈਕਟਰ ਲੋਕਾਂ ਤੋਂ ਪੁੱਛ-ਗਿੱਛ ਕਰਨ ਲਈ ਪਹੁੰਚੇ। ਪਿੰਡ ਵਾਸੀ ਜਰਨੈਲ ਸਿੰਘ, ਜਸਵੰਤ ਸਿੰਘ, ਗੁਰਨਾਮ ਸਿੰਘ ਆਦਿ ਦੇ ਕਹਿਣ ਮੁਤਾਬਕ ਕੁਝ ਵਿਅਕਤੀਆਂ ਨੂੰ ਜੀਆਂ ਮੁਤਾਬਕ ਕਣਕ ਨਹੀਂ ਨਹੀਂ ਮਿਲਦੀ ਰਹੀ। ਕਣਕ ਪਿੱਛੋਂ ਕੇਵਲ ਸਿੰਘ ਨੂੰ ਜ਼ਿਆਦਾ ਮਿਲਦੀ ਸੀ ਪਰ ਉਹ ਲੋਕਾਂ ਨੂੰ ਘੱਟ ਦਿੰਦਾ ਰਿਹਾ ਸੀ। ਜਿੰਨੀ ਕਣਕ ਵੰਡੀ ਜਾਵੇ ਠੀਕ ਹੈ, ਬਾਕੀ ਕਣਕ ਆਪਣੇ ਕੋਲ ਰੱਖਦਾ ਸੀ। ਸਾਡੇ ਪਿੰਡ ਵਿਚ ਕੁਝ ਕਾਰਡ ਅੰਨਤੋਦਿਆ ਸਕੀਮ ਦੇ ਬਣੇ ਹਨ। ਉਨ੍ਹਾਂ ਕਾਰਡਾਂ 'ਤੇ ਸੱਤ ਤੋੜੇ ਕਣਕ ਉਨ੍ਹਾਂ ਨੂੰ ਮਿਲਣੀ ਚਾਹੀਦੀ ਸੀ ਪਰ ਲੋਕਾਂ ਨੂੰ ਸੱਤ ਤੋੜਿਆਂ ਦੀ ਥਾਂ ਜੀਆਂ ਮੁਤਾਬਕ ਕਿਸੇ ਨੂੰ ਤਿੰਨ ਤੋੜੇ, ਕਿਸੇ ਨੂੰ ਚਾਰ, ਕਿਸੇ ਨੂੰ ਦੋ ਤੋੜੇ ਕਣਕ ਮਿਲਦੀ ਰਹੀ। ਬਾਕੀ ਸਭ ਤੋੜੇ ਕੇਵਲ ਸਿੰਘ ਵੱਲੋਂ ਆਪਣੇ ਕੋਲ ਰੱਖ ਲਏ ਜਾਂਦੇ ਸਨ। ਅਸੀਂ ਸਰਕਾਰ ਪਾਸੋਂ ਮੰਗ ਕਰਦੇ ਹਾਂ ਕਿ ਇਸ ਵਿਅਕਤੀ ਖਿਲਾਫ ਕਾਨੂੰਨੀ ਕਾਰਵਾਈ ਕੀਤੀ ਜਾਵੇ ਅਤੇ ਇਸ ਨੂੰ ਡਿਪੂ ਹੋਲਡਰ ਵਾਲੇ ਕੰਮ ਦੀ ਛੁੱਟੀ ਦਿੱਤੀ ਜਾਵੇ। ਇਸ ਬਾਰੇ ਜਦੋਂ ਸਹਾਇਕ ਖੁਰਾਕ ਸਪਲਾਈ ਅਫਸਰ ਮੈਡਮ ਵਿਪਨ ਸ਼ਰਮਾ ਕੋਲੋਂ ਪੁੱਛਿਆ ਗਿਆ ਤਾਂ ਉਨ੍ਹਾਂ ਨੇ ਕਿਹਾ ਕਿ ਜੇਕਰ ਡਿਪੂ ਹੋਲਡਰ ਕੇਵਲ ਸਿੰਘ ਦੋਸ਼ੀ ਪਾਇਆ ਗਿਆ ਤਾਂ ਉਸ ਖਿਲਾਫ ਕਾਰਵਾਈ ਕੀਤੀ ਜਾਵੇਗੀ।

ਮੁਫਤ ਡੇਅਰੀ ਸਿਖਲਾਈ ਦੇਣ ਲਈ ਕੌਂਸਲਿੰਗ 7 ਨੂੰ

ਗੁਰਦਾਸਪੁਰ, (ਜਨਕ ਮਹਾਜਨ)- ਡੇਅਰੀ ਵਿਕਾਸ ਵਿਭਾਗ ਪੰਜਾਬ ਵਲੋਂ ਜ਼ਿਲ੍ਹਾ ਗੁਰਦਾਸਪੁਰ ਵਿਖੇ ਅਨੁਸੂਚਿਤ ਜਾਤੀਆਂ ਨਾਲ ਸਬੰਧਿਤ ਪਸ਼ੂ ਪਾਲਕਾਂ ਅਤੇ ਬੇਰੋਜ਼ਗਾਰ ਨੌਜਵਾਨਾਂ ਲਈ ਮੁਫ਼ਤ ਡੇਅਰੀ ਸਿਖਲਾਈ ਕੋਰਸ 14 ਅਗਸਤ ਤੋਂ ਸ਼ੁਰੂ ਕੀਤਾ ਜਾ ਰਿਹਾ ਹੈ। ਪੰਜਾਬ ਸਰਕਾਰ ਵਲੋਂ ਇਸ ਸਕੀਮ ਅਧੀਨ ਅਨੁਸੂਚਿਤ ਜਾਤੀ ਦੇ ਲਾਭਪਾਤਰੀਆਂ ਨੂੰ ਦੋ ਹਫ਼ਤੇ ਦੀ ਮੁਫਤ ਡੇਅਰੀ ਸਿਖ਼ਲਾਈ ਦੇ ਨਾਲ-ਨਾਲ ਸਫਲਤਾਪੂਰਵਕ ਟਰੇਨਿੰਗ ਕਰਨ ਉਪਰੰਤ ਰੁਪਏ 3500 ਵਜ਼ੀਫ਼ਾ ਅਤੇ ਡੇਅਰੀ ਨਾਲ ਸਬੰਧਿਤ ਲਿਟਰੇਚਰ ਵੀ ਦਿੱਤਾ ਜਾਵੇਗਾ। ਡੇਅਰੀ ਵਿਭਾਗ ਦੇ ਡਿਪਟੀ ਡਾਇਰੈਕਟਰ ਵਰਿਆਮ ਸਿੰਘ ਨੇ ਦੱਸਿਆ ਕਿ ਜ਼ਿਲ੍ਹਾ ਗੁਰਦਾਸਪੁਰ ਨਾਲ ਸਬੰਧਿਤ ਲਾਭਪਾਤਰੀਆਂ ਦੀ ਕੌਂਸਲਿੰਗ 7 ਅਗਸਤ ਨੂੰ ਦਫ਼ਤਰ ਡਿਪਟੀ ਡਾਇਰੈਕਟਰ ਡੇਅਰੀ, ਗੁਰਦਾਸਪੁਰ, ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ, ਬਲਾਕ-ਬੀ, ਚੌਥੀ ਮੰਜ਼ਿਲ, ਕਮਰਾ ਨੰਬਰ-508 ਵਿਖੇ ਕੀਤੀ ਜਾਵੇਗੀ। ਉਨਾਂ ਕਿਹਾ ਕਿ ਚਾਹਵਾਨ ਲੜਕੇ/ਲੜਕੀਆਂ ਦੀ ਉਮਰ 18 ਤੋਂ 50 ਸਾਲ ਦਰਮਿਆਨ ਹੋਵੇ, ਉਹ ਪਿੰਡ ਦਾ ਵਸਨੀਕ ਹੋਵੇ, ਆਪਣੇ ਅਨੁਸੂਚਿਤ ਜਾਤੀ ਨਾਲ ਸਬੰਧਿਤ ਸਰਟੀਫਿਕੇਟ ਸਮੇਤ ਪਾਸਪੋਰਟ ਸਾਈਜ ਫੋਟੋ, ਘੱਟੋ-ਘੱਟ ਪੰਜਵੀਂ ਪਾਸ ਦਾ ਤਸਦੀਕਸ਼ੁਦਾ ਯੋਗਤਾ ਸਰਟੀਫਿਕੇਟ, ਆਧਾਰ ਕਾਰਡ ਨਾਲ ਲੈ ਕੇ ਦਫ਼ਤਰ ਵਿਖੇ ਹਾਜਰ ਹੋਣ। ਉਨਾਂ ਕਿਹਾ ਕਿ ਚੁਣੇ ਗਏ ਲਾਭਪਾਤਰੀਆਂ ਨੂੰ ਡੇਅਰੀ ਸਿਖਲਾਈ ਸੈਂਟਰ, ਵੇਰਕਾ (ਅੰਮ੍ਰਿਤਸਰ) ਵਿਖੇ ਸਿਖ਼ਲਾਈ ਦਿੱਤੀ ਜਾਵੇਗੀ। ਇਸ ਉਪਰੰਤ ਉਨਾਂ ਨੂੰ ਪਸ਼ੂਆਂ ਦਾ ਡੇਅਰੀ ਯੂਨਿਟ ਸਥਾਪਿਤ ਕਰਨ ਲਾਭਪਾਤਰੀ ਨੂੰ 33 ਫੀਸਦੀ ਸਬਸਿਡੀ ਦਿੱਤੀ ਜਾਵੇਗੀ।

ਐੱਮ ਕਾਮ ਦੇ ਦੂਸਰੇ ਸਮੈਸਟਰ 'ਚ ਜੀਐੱਨਡੀਯੂ ਕਾਲਜ ਪੱਟੀ ਦੀਆਂ ਕੁੜੀਆਂ ਅੱਵਲ

ਪੱਟੀ, (ਬਲਦੇਵ ਸਿੰਘ ਸੰਧੂ /ਸ਼ਮਸ਼ੇਰ ਸਿੰਘ ਯੋਧਾ)-ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵੱਲੋਂ ਐੱਮ ਕਾਮ ਸਮੈਸਟਰ ਦੂਜਾ ਦੇ ਨਤੀਜਿਆਂ ਦਾ ਐਲਾਨ ਕੀਤਾ ਗਿਆ। ਇਨ੍ਹਾਂ 'ਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ ਪੱਟੀ ਦੇ ਵਿਦਿਆਰਥੀਆਂ ਨੇ ਹਮੇਸ਼ਾ ਦੀ ਤਰ੍ਹਾਂ ਸ਼ਾਨਦਾਰ ਪ੍ਰਦਰਸ਼ਨ ਕੀਤਾ। ਕਾਲਜ ਦੇ ਪ੍ਰਿੰਸੀਪਲ ਡਾ. ਰਜਿੰਦਰ ਕੁਮਾਰ ਮਰਵਾਹਾ ਨੇ ਇਸ ਸੰਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਕਾਲਜ ਦੀ ਵਿਦਿਆਰਥਣ ਸਵੇਰਾ 69 ਪ੍ਰਤੀਸ਼ਤ ਅੰਕ ਹਾਸਲ ਕਰਕੇ ਪਹਿਲੇ ਸਥਾਨ ਤੇ ਰਹੀ। ਮਨਰੂਪ ਕੌਰ ਅਤੇ ਪਮਨਦੀਪ ਕੌਰ ਨੇ 67 ਪ੍ਰਤੀਸ਼ਤ ਅੰਕ ਹਾਸਲ ਕਰਕੇ ਦੂਜਾ ਅਤੇ ਨਵਪ੍ਰੀਤ ਕੌਰ ਨੇ 66 ਪ੍ਰਤੀਸ਼ਤ ਅੰਕ ਹਾਸਲ ਕਰਕੇ ਤੀਜਾ ਸਥਾਨ ਹਾਸਲ ਕੀਤਾ। ਡਾ. ਮਰਵਾਹ ਨੇ ਵਿਦਿਆਰਥੀਆਂ, ਉਹਨਾਂ ਦੇ ਮਾਪਿਆਂ ਅਤੇ ਅਧਿਆਪਕਾਂ ਨੂੰ ਵਧਾਈ ਦਿੱਤੀ। ਇਸ ਮੌਕੇ ਡਾ. ਅਨੂ ਮਿੱਤਲ, ਡਾ. ਰਮਨਪ੍ਰੀਤ ਕੌਰ ਐਲਖ, ਪ੍ਰੋ: ਕਿਰਨਪ੍ਰੀਤ ਕੌਰ, ਪ੍ਰੋ. ਕਾਜਲ ਚੌਧਰੀ, ਪ੍ਰੋ. ਪੂਨਮ ਸ਼ਰਮਾ, ਜਸਦੇਵ ਸਿੰਘ, ਦਰਸ਼ਨ ਸਿੰਘ ਅਤੇ ਹੋਰ ਸਟਾਫ ਮੈਂਬਰ ਅਤੇ ਵਿਦਿਆਰਥੀ ਹਾਜ਼ਰ ਸਨ।

ਸਕੂਲਾਂ ਦੇ ਬੁਨਿਆਦੀ ਢਾਂਚੇ ਦਾ ਕੀਤਾ ਜਾਵੇਗਾ ਵਿਕਾਸ : ਈ ਟੀ ਓ

ਜੰਡਿਆਲਾ ਗੁਰੂ/ਅੰਮ੍ਰਿਤਸਰ (ਹਰਿੰਦਰਪਾਲ ਸਿੰਘ/ਨਰਿੰਦਰਜੀਤ ਸਿੰਘ)-ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਦੀ ਯੋਗ ਅਗਵਾਈ ਹੇਠ ਸੂਬੇ ਦੇ ਸਾਰੇ ਸਕੂਲਾਂ ਦੇ ਬੁਨਿਆਦੀ ਢਾਂਚੇ ਦਾ ਵਿਕਾਸ ਕੀਤਾ ਜਾ ਰਿਹਾ ਹੈ ਤਾਂ ਜੋ ਬੱਚਿਆਂ ਨੂੰ ਪ੍ਰਾਈਵੇਟ ਸਕੂਲਾਂ ਵਾਂਗ ਸਾਰੀਆਂ ਸਹੂਲਤਾਂ ਮੁਹੱਈਆ ਹੋ ਸਕਣ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਕੈਬਿਨਟ ਮੰਤਰੀ ਪੰਜਾਬ ਹਰਭਜਨ ਸਿੰਘ ਈ.ਟੀ.ਓ ਨੇ ਜੰਡਿਆਲਾ ਹਲਕੇ ਵਿਖੇ ਪੈਂਦੇ ਪਿੰਡ ਸ਼ਫੀਪੁਰ ਦੇ ਸ਼ਹੀਦ ਸਰਤਾਜ ਸਿੰਘ ਸਰਕਾਰੀ ਹਾਈ ਸਕੂਲ ਦਾ ਦੌਰਾ ਕਰਨ ਉਪਰੰਤ ਕੀਤਾ। ਉਨ੍ਹਾਂ ਨੇ ਆਪਣੇ ਦੌਰੇ ਦੌਰਾਨ ਸਕੂਲ ਦੇ ਸਟਾਫ ਨਾਲ ਗੱਲਬਾਤ ਕੀਤੀ ਅਤੇ ਉਨਾਂ ਦੀਆਂ ਮੁਸ਼ਕਲਾਂ ਨੂੰ ਸੁਣਿਆਂ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਅਧਿਆਪਕਾਂ ਨੂੰ ਕਿਸੇ ਕਿਸਮ ਦੀ ਮੁਸ਼ਕਲ ਨਹੀਂ ਆਉਣ ਦੇਵੇਗੀ। ਉਨ੍ਹਾਂ ਕਿਹਾ ਕਿ ਅਧਿਆਪਕਾਂ ਦੀਆਂ ਖਾਲੀ ਪਈਆਂ ਆਸਾਮੀਆਂ ਨੂੰ ਪੁਰ ਕੀਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਸਾਡੀ ਸਰਕਾਰ ਨੇ ਸਰਕਾਰੀ ਸਕੂਲਾਂ ਦੇ ਸਿੱਖਿਆ ਦੇ ਮਿਆਰ ਨੂੰ ਉੱਚਾ ਚੁੱਕਣ ਲਈ ਸਕੂਲ ਆਫ਼ ਐਮੀਨੈਂਸ ਬਣਾਏ ਜਾ ਰਹੇ ਹਨ ਜੋ ਸਿੱਖਿਆ ਦੇ ਢਾਂਚੇ ਦੀ ਤਸਵੀਰ ਬਦਲਣਗੇ। ਉਨ੍ਹਾਂ ਕਿਹਾ ਕਿ ਇਸ ਲਈ ਤੁਹਾਡਾ ਬਤੌਰ ਅਧਿਆਪਕ ਵੱਡਾ ਸਾਥ ਚਾਹੀਦਾ ਹੈ ਤਾਂ ਜੋ ਸਰਕਾਰੀ ਸਕੂਲਾਂ ਦੇ ਬੱਚਿਆਂ ਦੇ ਪੜ੍ਹਾਈ ਦੇ ਪੱਧਰ ਨੂੰ ਹੋਰ ਉੱਚਾ ਚੁਕਿਆ ਜਾ ਸਕੇ। ਇਸ ਮੌਕੇ ਪ੍ਰਿੰਸੀਪਲ ਕੁਲਦੀਪ ਸਿੰਘ, ਪ੍ਰਿੰਸੀਪਲ ਦਲੀਪ ਸਿੰਘ, ਸ਼ਫੀਪੁਰ ਸਕੂਲ ਦੀ ਹੈਡ ਟੀਚਰ ਅਨੂ ਪਠਾਨੀਆ ਵੀ ਹਾਜ਼ਰ ਸਨ।

ਹੜ੍ਹ ਪੀੜਤਾਂ ਦੀ ਮਦਦ

ਬੁਤਾਲਾ (ਨਿਰਮਲ ਸਿੰਘ ਸੰਘਾ)-ਪਿੰਡ ਮੁੱਠਿਆਂਵਾਲੀ ਦੀ ਧੱਕਾ ਬਸਤੀ 'ਚ ਹੜ੍ਹ ਪੀੜਤਾਂ ਨੂੰ ਪਿੰਡ ਬੁਤਾਲਾ ਦੀ ਸੰਗਤ ਵੱਲੋਂ ਟਰੈਕਟਰ ਦੀ ਮੁਰੰਮਤ ਕਰਵਾਉਣ ਲਈ ਵੀਹ ਹਜ਼ਾਰ ਰੁਪਏ ਅਤੇ ਰਾਊਂਡ ਗਲਾਸ ਫਾਊਂਡੇਸ਼ਨ ਵੱਲੋਂ ਰਾਸ਼ਨ ਮੁਹੱਈਆ ਕਰਵਾਇਆ ਗਿਆ। ਇਸ ਮੌਕੇ ਸਰਪੰਚ ਸਵਿੰਦਰ ਸਿੰਘ, ਹਰਪਾਲ ਸਿੰਘ, ਬਲਵਿੰਦਰ ਸਿੰਘ ਚੇਅਰਮੈਨ (ਬਾਬਾ ਪੱਲ੍ਹਾ ਸਪੋਰਟਸ ਕਲੱਬ ਬੁਤਾਲਾ), ਮਨਦੀਪ ਸਿੰਘ ਅਤੇ ਮੈਂਬਰ ਪੰਚਾਇਤ ਦਲਬੀਰ ਸਿੰਘ ਆਦਿ ਹਾਜ਼ਰ ਸਨ।

ਲੰਮੇ ਸਮੇਂ ਤੋਂ ਐਸ ਟੀ ਐਫ ਅੰਮ੍ਰਿਤਸਰ 'ਚ ਤੈਨਾਤ ਏ ਐਸ ਆਈ ਕਸ਼ਮੀਰ ਸਿੰਘ ਝਬਾਲ ਵੱਲੋਂ ਮਹਿਕਮੇ 'ਚ ਆਪਣੀਆਂ ਨਿਭਾਈਆਂ ਚੰਗੀਆਂ ਸੇਵਾਵਾਂ ਬਦਲੇ ਮਹਿਕਮੇ ਨੇ ਤਰੱਕੀ ਦੇ ਕੇ ਸਬ ਇੰਸਪੈਕਟਰ ਬਣਾਇਆ। ਇਸ ਮੌਕੇ ਉਨ੍ਹਾਂ ਨੂੰ ਤਰੱਕੀ ਦੇ ਸਟਾਰ ਲਗਾਉਂਦੇ ਹੋਏ ਏ ਡੀ ਜੀ ਪੀ ਕੁਲਦੀਪ ਸਿੰਘ ਸ਼ਪੈਸਲ ਡਾਇਰੈਕਟਰ ਜਨਰਲ ਪੁਲਸ ਸ਼ਪੈਸਲ ਟਾਰਕ ਫੋਰਸ ਪੰਜਾਬ ਅਤੇ ਆਰ ਕੇ ਜਸਵਾਲ ਅਡੀਸ਼ਨਲ ਡਾਇਰੈਕਟਰ ਜਨਰਲ ਪੁਲਸ ਸ਼ਪੈਸਲ ਟਾਰਕ ਫੋਰਸ ਪੰਜਾਬ ਪੁਲਸ ਦੋਵੇਂ ਏ ਡੀ ਜੀ ਪੀ। (ਫੋਟੋ ਕੈਪਸ਼ਨ ਤੇ ਵੇਰਵਾ ਹਰਜਿੰਦਰ ਸਿੰਘ ਸੋਨੀ ਝਬਾਲ)

ਭਗਤ ਪੂਰਨ ਸਿੰਘ ਦੀ 31ਵੀਂ ਬਰਸੀ ਨੂੰ ਸਮਰਪਿਤ ਗੁਰਮਤਿ ਫਲਸਫੇ ਦੇ ਅਲੱਗ-ਅਲੱਗ ਪਹਿਲੂਆਂ ਬਾਰੇ ਵਿਚਾਰ ਗੋਸ਼ਟੀ

ਅੰਮ੍ਰਿਤਸਰ (ਨਰਿੰਦਰਜੀਤ ਸਿੰਘ)-ਭਗਤ ਪੂਰਨ ਸਿੰਘ ਬਾਨੀ ਪਿੰਗਲਵਾੜਾ ਦੀ 31ਵੀਂ ਬਰਸੀ ਨੂੰ ਸਮਰਪਿਤ ਜੋ ਪ੍ਰੋਗ

ਨਵਾਂ ਜ਼ਮਾਨਾ
ਸ਼ਨੀਵਾਰ, 5 ਅਗਸਤ 2023

ਗਰਮੀ ਦੀ ਮਾਰ

ਮੌਸਮ ਵਿਗਿਆਨ ਬਾਰੇ ਸੰਸਥਾ ਕਲਾਈਮੇਟ ਸੈਂਟਰਲ ਨੇ ਆਪਣੀ ਤਾਜ਼ਾ ਰਿਪੋਰਟ ਵਿੱਚ ਕਿਹਾ ਹੈ ਕਿ ਇਸ ਵਾਰ ਦਾ ਜੁਲਾਈ ਮਹੀਨਾ ਹੁਣ ਤੱਕ ਦਾ ਸਭ ਤੋਂ ਗਰਮ ਮਹੀਨਾ ਰਿਹਾ ਹੈ। ਇੱਕ ਬੇਹੱਦ ਤਾਕਤਵਰ ਔਜ਼ਾਰ ਕਲਾਈਮੇਟ ਸ਼ਿਫਟ ਇੰਡੈਕਸ ਦੀ ਵਰਤੋਂ ਕਰਕੇ ਇਸ ਸੰਸਥਾ ਨੇ ਹੈਰਾਨੀਜਨਕ ਤੱਥ ਹਾਸਲ ਕੀਤੇ ਹਨ। ਉਸ ਨੇ ਕਿਹਾ ਹੈ ਕਿ ਦੁਨੀਆ ਦੇ 6.5 ਅਰਬ ਲੋਕਾਂ ਨੇ ਜੁਲਾਈ ਮਹੀਨੇ ਦੌਰਾਨ ਘੱਟੋ-ਘੱਟ ਇੱਕ ਦਿਨ ਅਜਿਹੀ ਗਰਮੀ ਝੱਲੀ ਸੀ, ਜੋ ਸੰਭਾਵਨਾ ਨਾਲੋਂ ਤਿੰਨ ਗੁਣਾ ਵੱਧ ਸੀ।

ਇਸ ਰਿਪੋਰਟ ਵਿੱਚ ਪੇਸ਼ ਨਤੀਜੇ ਜਲਵਾਯੂ ਤਬਦੀਲੀ ਦੀ ਗੰਭੀਰ ਤਸਵੀਰ ਪੇਸ਼ ਕਰਦੇ ਹਨ। ਲੱਗਭੱਗ 2 ਅਰਬ ਲੋਕਾਂ ਨੇ ਜੁਲਾਈ ਦੇ 31 ਦਿਨਾਂ ਦੇ ਹਰ ਦਿਨ ਜਲਵਾਯੂ ਤਬਦੀਲੀ ਦਾ ਤਿੱਖਾ ਪ੍ਰਭਾਵ ਮਹਿਸੂਸ ਕੀਤਾ, ਜਿਹੜਾ ਸਮੱਸਿਆ ਦੀ ਭਿਆਨਕਤਾ ਨੂੰ ਪੇਸ਼ ਕਰਦਾ ਹੈ। 10 ਜੁਲਾਈ ਨੂੰ ਵਧੀ ਗਰਮੀ ਦਾ ਜੋਖਮ ਆਪਣੇ ਸਿਖਰ ਉੱਤੇ ਪਹੁੰਚ ਗਿਆ ਸੀ, ਜਿਸ ਨੂੰ 3.5 ਅਰਬ ਲੋਕਾਂ ਨੇ ਝੱਲਿਆ ਸੀ।

ਕਲਾਈਮੇਟ ਸੈਂਟਰਲ ਨੇ ਇਹ ਰਿਪੋਰਟ 200 ਦੇਸ਼ਾਂ ਦੇ ਉਨ੍ਹਾਂ 4700 ਸ਼ਹਿਰਾਂ ਦੇ ਸਰਵੇਖਣ ਤੋਂ ਬਾਅਦ ਤਿਆਰ ਕੀਤੀ ਹੈ, ਜਿੱਥੇ ਜਲਵਾਯੂ ਤਬਦੀਲੀ ਕਾਰਨ ਜੁਲਾਈ ਮਹੀਨੇ ਵਿੱਚ ਅਧਿਕ ਗਰਮੀ ਮਹਿਸੂਸ ਕੀਤੀ ਗਈ ਸੀ। ਮੈਕਸੀਕੋ, ਦੱਖਣੀ ਸੰਯੁਕਤ ਰਾਜ ਅਮਰੀਕਾ, ਦੱਖਣੀ ਯੂਰਪ, ਫਲੋਰਿਡਾ, ਕੈਰਬੀਅਨ, ਮੱਧ ਅਮਰੀਕਾ, ਉੱਤਰੀ ਅਫ਼ਰੀਕਾ, ਮੱਧ-ਪੂਰਬ ਤੇ ਦੱਖਣ ਅਤੇ ਦੱਖਣ-ਪੂਰਬੀ ਏਸ਼ੀਆ ਦੇ ਕੁਝ ਦੇਸ਼ ਸਭ ਤੋਂ ਵੱਧ ਗਰਮ ਰਹੇ।

ਭੂ-ਮੱਧ ਰੇਖਾ ਦੇ ਨੇੜਲੇ ਤੇ ਛੋਟੇ ਦੀਪਾਂ ਵਿੱਚ ਵਸਦੇ ਲੋਕਾਂ ਨੇ ਜੁਲਾਈ ਮਹੀਨੇ ਵਿਸ਼ੇਸ਼ ਰੂਪ ਵਿੱਚ ਮਾਨਵ ਰਚਿਤ ਜਲਵਾਯੂ ਤਬਦੀਲੀ ਦਾ ਅਸਧਾਰਨ ਤੇ ਮਾਰੂ ਪ੍ਰਭਾਵ ਮਹਿਸੂਸ ਕੀਤਾ ਸੀ। ਇਸ ਦੇ ਕੈਰਬੀਅਨ ਦੇ 11 ਛੋਟੇ ਵਿਕਾਸਸ਼ੀਲ ਦੀਪਾਂ ਉੱਤੇ ਵਿਨਾਸ਼ਕਾਰੀ ਪ੍ਰਭਾਵ ਹੋਣਗੇ। ਕਿਉਂਕਿ ਆਉਣ ਵਾਲੇ ਸਮੇਂ ਦੌਰਾਨ ਹਾਲਾਤ 5 ਗੁਣਾ ਵੱਧ ਖਰਾਬ ਹੋ ਸਕਦੇ ਹਨ।

ਇਹ ਰਿਪੋਰਟ ਏਸ਼ੀਆ ਦੀ ਹਾਲਤ ਬਾਰੇ ਵੀ ਦੱਸਦੀ ਹੈ, ਜਿੱਥੇ ਜੁਲਾਈ ਮਹੀਨੇ ਦੌਰਾਨ ਗਰਮੀ ਦੀਆਂ ਲੋਆਂ ਨੇ ਆਪਣਾ ਅਸਰ ਛੱਡਿਆ ਹੈ। ਇਸ ਵਾਰ ਚੀਨ ਦੇ ਇੰਜਿਆਂਗ ਖੇਤਰ ਨੇ 52.2 ਡਿਗਰੀ ਸੈਲਸੀਅਸ ਨਾਲ ਗਰਮੀ ਦਾ ਨਵਾਂ ਰਿਕਾਰਡ ਬਣਾਇਆ ਸੀ, ਜਿਸ ਦਾ ਪਹਿਲਾ ਰਿਕਾਰਡ 51.6 ਡਿਗਰੀ ਸੈਲਸੀਅਸ ਸੀ। ਈਰਾਨ ਦੇ ਫਾਰਸ ਦੀ ਖਾੜੀ ਦੇ ਕੌਮਾਂਤਰੀ ਹਵਾਈ ਅੱਡੇ ਉੱਤੇ 18 ਜੁਲਾਈ ਨੂੰ ਤਾਪਮਾਨ 66.7 ਡਿਗਰੀ ਸੈਲਸੀਅਸ ਰਿਕਾਰਡ ਕੀਤਾ ਗਿਆ। ਇਸੇ ਦਿਨ ਕੁਵੈਤ ਨੂੰ ਵੀ ਭਾਰੀ ਗਰਮੀ ਦਾ ਸਾਹਮਣਾ ਕਰਨਾ ਪਿਆ, ਜਿਸ ਕਾਰਨ ਬਿਜਲੀ ਦੀ ਵਰਤੋਂ ਦੇ ਸਾਰੇ ਰਿਕਾਰਡ ਟੁੱਟ ਗਏ ਸਨ।

ਵਿਸ਼ਲੇਸ਼ਣ ਅਧੀਨ 46 ਏਸ਼ੀਆਈ ਦੇਸ਼ਾਂ ਦਾ ਜੁਲਾਈ ਵਿੱਚ ਔਸਤ ਕਲਾਈਮੇਟ ਸ਼ਿਫਟ ਇੰਡੈਕਸ 2.4 ਸੀ। ਇਨ੍ਹਾਂ ਵਿੱਚੋਂ 17 ਦੇਸ਼ਾਂ ਦਾ ਕਲਾਈਮੇਟ ਸ਼ਿਫਟ ਇੰਡੈਕਸ 3 ਅਤੇ ਦਸ ਦੇਸ਼ਾਂ ਦਾ ਇਸ ਤੋਂ ਵੀ ਵੱਧ ਸੀ। ਇਹ ਇੰਡੈਕਸ ਜਲਵਾਯੂ ਤਬਦੀਲੀ ਦੇ ਵਿਆਪਕ ਅਸਰ ਨੂੰ ਦਿਖਾਉਂਦਾ ਹੈ।

ਇਸ ਰਿਪੋਰਟ ਵਿੱਚ ਨਤੀਜਾ ਕੱਢਿਆ ਗਿਆ ਹੈ ਕਿ ਆਉਣ ਵਾਲੇ ਸਮੇਂ ਦੌਰਾਨ ਗਰਮੀ ਵਿੱਚ ਵਾਧੇ ਤੇ ਰਿਕਾਰਡਤੋੜ ਤਾਪਮਾਨ ਦਾ ਪ੍ਰਕੋਪ ਓਨਾ ਚਿਰ ਤੱਕ ਜਾਰੀ ਰਹੇਗਾ, ਜਦੋਂ ਤੱਕ ਗਰੀਨ ਹਾਊਸ ਗੈਸਾਂ ਦੀ ਨਿਕਾਸੀ ਸਿਫ਼ਰ ਤੱਕ ਨਹੀਂ ਲਿਆਂਦੀ ਜਾਂਦੀ। ਵਿਗਿਆਨਕਾਂ ਨੇ ਕਿਹਾ ਹੈ ਕਿ ਸਰਕਾਰਾਂ, ਸਨਅਤਾਂ ਤੇ ਲੋਕਾਂ ਨੂੰ ਜਲਵਾਯੂ ਤਬਦੀਲੀ ਨੂੰ ਘੱਟ ਕਰਨ ਲਈ ਇਕਮੁੱਠ ਹੋ ਕੇ ਕੋਸ਼ਿਸ਼ਾਂ ਕਰਨੀਆਂ ਚਾਹੀਦੀਆਂ ਹਨ। ਅਜਿਹਾ ਕਰਨ ਵਿੱਚ ਨਾਕਾਮ ਰਹਿਣ 'ਤੇ ਮਨੁੱਖੀ ਜੀਵਨ, ਜੈਵ-ਵਿਭਿੰਨਤਾ ਅਤੇ ਸਮੁੱਚੇ ਤੌਰ 'ਤੇ ਸਾਡੀ ਧਰਤੀ ਲਈ ਤਬਾਹਕੁੰਨ ਨਤੀਜੇ ਸਾਹਮਣੇ ਆ ਸਕਦੇ ਹਨ।

ਇਹ ਰਿਪੋਰਟ ਸਾਨੂੰ ਚੇਤਾਵਨੀ ਦਿੰਦੀ ਹੈ ਕਿ ਆਪਣੇ ਟਿਕਾਊ ਭਵਿੱਖ ਲਈ ਸਾਨੂੰ ਠੋਸ ਤੇ ਤੱਤਕਾਲ ਯਤਨ ਕਰਨੇ ਪੈਣਗੇ। ਇਸ ਵਿਸ਼ਵਵਿਆਪੀ ਚੁਣੌਤੀ ਦਾ ਅਸੀਂ ਸਮੂਹਿਕ ਰੂਪ ਵਿੱਚ ਮੁਕਾਬਲਾ ਕਰਕੇ ਹੀ ਆਉਣ ਵਾਲੀਆਂ ਪੀੜ੍ਹੀਆ ਨੂੰ ਸੁਰੱਖਿਅਤ ਰੱਖ ਸਕਦੇ ਹਾਂ।

ਆਮ ਲੋਕਾਂ ਲਈ ਤਰਕਸ਼ੀਲ ਹੋਣਾ ਕਿਉਂ ਜ਼ਰੂਰੀ

ਵਿਸ਼ਵਾ ਮਿੱਤਰ

ਭਾਰਤ ਵਿਚ ਵਿਗਿਆਨਕ ਸੋਚ ਦੀ ਬਜਾਏ ਅੰਧ-ਵਿਸ਼ਵਾਸ ਤਾਂ ਪਹਿਲਾਂ ਹੀ ਬਹੁਤ ਜ਼ਿਆਦਾ ਸੀ, ਪਰ ਭਗਵਾਂ ਸਰਕਾਰ ਦੇ ਆਉਣ ਨਾਲ ਅੰਧ-ਵਿਸ਼ਵਾਸ ਨੂੰ ਹੋਰ ਬਲ ਮਿਲਿਆ ਹੈ। ਇਹ ਕੋਈ ਜ਼ਰੂਰੀ ਨਹੀਂ ਕਿ ਕੋਈ ਅਨਪੜ੍ਹ ਹੀ ਅੰਧ-ਵਿਸ਼ਵਾਸੀ ਹੋਵੇ ਜਾਂ ਅੰਧ-ਵਿਸ਼ਵਾਸ ਦਾ ਪ੍ਰਚਾਰਕ ਹੋਵੇ। ਇਸ ਸਮਾਜਿਕ ਬੀਮਾਰੀ ਦੇ ਕਿਰਮ ਪੜ੍ਹੇ-ਲਿਖੇ ਵਿਚ ਵੀ ਹੋ ਸਕਦੇ ਹਨ। ਪ੍ਰਧਾਨ ਮੰਤਰੀ ਤੱਕ ਵੀ ਕਹਿ ਸਕਦਾ ਹੈ ਕਿ ਸੰਸਾਰ ਦੇ ਸਭ ਤੋਂ ਪਹਿਲੇ ਸਰਜਨ ਸ਼ਿਵਜੀ ਸਨ, ਜਿਨ੍ਹਾ ਆਪਣੇ ਬੱਚੇ ਦੇ ਧੜ 'ਤੇ ਹਾਥੀ ਦਾ ਸਿਰ ਲਗਾ ਦਿੱਤਾ। ਜੱਜ ਤੱਕ ਵੀ ਕਹਿ ਸਕਦਾ ਹੈ ਕਿ ਮੋਰਨੀ ਮੋਰ ਦੇ ਹੰਝੂਆਂ ਨਾਲ ਗਰਭਵਤੀ ਹੋ ਜਾਂਦੀ ਹੈ। ਪਾਠ ਪੁਸਤਕਾਂ ਜਿਹੜੀਆਂ ਕਿ ਪੜ੍ਹੇ-ਲਿਖੇ ਹੀ ਲਿਖਦੇ ਹਨ, ਉਹਨਾਂ ਵਿਚ ਛਪ ਸਕਦਾ ਹੈ ਕਿ ਸਾਵਰਕਰ ਜੀ ਬੁਲਬੁਲ ਦੇ ਪਰਾਂ 'ਤੇ ਸਵਾਰ ਹੋ ਕੇ ਅੰਡੇਮਾਨ ਜੇਲ੍ਹ ਵਿੱਚੋਂ ਬਾਹਰ ਆ ਸਕਦੇ ਸਨ ਅਤੇ ਅੰਦਰ ਜਾ ਸਕਦੇ ਸਨ। ਕੋਈ ਪੁੱਛ ਸਕਦਾ ਹੈ ਕਿ ਜੇਕਰ ਬਾਬਿਆਂ, ਤਾਂਤਰਿਕਾਂ, ਜੋਤਸ਼ੀਆਂ, ਪੁੱਛਾਂ ਦੇਣ ਵਾਲਿਆਂ ਜਾਂ ਪੜ੍ਹੇ-ਲਿਖੇ ਅਤੇ ਸਿਆਸੀ ਨੇਤਾਵਾਂ ਵੱਲੋਂ ਅੰਧ-ਵਿਸ਼ਵਾਸ ਫੈਲਾਇਆ ਜਾ ਰਿਹਾ ਹੈ ਤਾਂ ਤੁਹਾਨੂੰ ਕੀ ਤਕਲੀਫ ਹੈ? ਹਰ ਕਿਸੇ ਦਾ ਮੌਲਿਕ ਅਧਿਕਾਰ ਹੈ ਕਿ ਉਹ ਆਪਣੇ ਵਿਚਾਰ ਦੇਵੇ ਅਤੇ ਕਿਸੇ ਵਿਅਕਤੀ ਦਾ ਵੀ ਅਧਿਕਾਰ ਹੈ ਕਿ ਉਹ ਕਿਸੇ ਦੇ ਵਿਚਾਰ ਮੰਨੇ ਜਾਂ ਨਾ ਮੰਨੇ।

ਪਹਿਲੀ ਗਲ ਇਹ ਹੈ ਕਿ ਫੈਲਾਏ ਜਾ ਰਹੇ ਅੰਧ-ਵਿਸ਼ਵਾਸ ਦੀ ਮੈਨੂੰ ਕੋਈ ਵਿਅਕਤੀਗਤ ਤਕਲੀਫ ਨਹੀਂ ਹੈ ਕਿਉਂਕਿ ਮੇਰੀ ਸੋਚ ਵਿਗਿਆਨਕ ਹੈ ਅਤੇ ਮੈਂ ਕਿਸੇ ਵੀ ਵਿਚਾਰ ਜਾਂ ਦਲੀਲ ਨੂੰ ਮੰਨਣ ਤੋਂ ਪਹਿਲਾਂ ਉਸ ਦੀ ਪਰਖ ਕਰ ਸਕਦਾ ਹਾਂ। ਪਰ ਐਨੀ ਤਕਲੀਫ ਜਰੂਰ ਹੈ ਆਪਣੇ ਅੰਧ-ਵਿਸ਼ਵਾਸੀ ਵਿਚਾਰਾਂ ਦਾ ਪ੍ਰਚਾਰ, ਪ੍ਰਸਾਰ ਕਰਨ ਦੀ ਹੱਦ ਨੂੰ ਟੱਪ ਜਾਣਾ ਵੀ ਸਮਾਜ ਲਈ ਹਾਨੀਕਾਰਕ ਹੁੰਦਾ ਹੈ ਅਤੇ ਇਹ ਹੋਰ ਕਿਸੇ ਦੇ ਨਾਲ ਨਾਲ ਮੇਰੇ ਪਰਵਾਰ ਲਈ ਹਾਨੀਕਾਰਕ ਹੋ ਸਕਦਾ ਹੈ ਅਤੇ ਨਾ ਪੂਰਾ ਹੋਣ ਵਾਲਾ ਘਾਟਾ ਹੋ ਸਕਦਾ ਹੈ।

ਮੰਨ ਲਓ, ਤੁਹਾਡੇ ਨੇੜੇ ਕਿਸੇ ਘਰ ਵਿਚ ਬੱਚਾ ਨਹੀਂ ਪੈਦਾ ਹੁੰਦਾ। ਜੇਕਰ ਉਹ ਘਰ ਤਾਂਤਰਿਕਾਂ 'ਤੇ ਵਿਸ਼ਵਾਸ ਕਰਦਾ ਹੋਵੇ ਅਤੇ ਕੋਈ ਤਾਂਤਰਿਕ ਉਹਨਾਂ ਨੂੰ ਸਲਾਹ ਦੇਵੇ ਕਿ ਕਿਸੇ ਬੱਚੇ ਦੀ ਬਲੀ ਦੇਣ ਨਾਲ ਉਹਨਾਂ ਦੇ ਘਰ ਬੱਚਾ ਹੋਵੇਗਾ ਤਾਂ ਉਹ ਘਰ ਕਿਸੇ ਦਾ ਵੀ ਛੋਟਾ ਬੱਚਾ ਹਨੇਰੇ-ਸਵੇਰੇ ਚੁੱਕ ਕੇ ਤਾਂਤਰਿਕ ਕੋਲੋਂ ਕਤਲ ਕਰਵਾ ਸਕਦਾ ਹੈ। ਉਹ ਬਦਕਿਸਮਤ ਬੱਚਾ ਤੁਹਾਡੇ ਨੇੜੇ-ਤੇੜੇ ਦੇ ਪਰਵਾਰ ਦਾ, ਤੁਹਾਡਾ ਜਾਂ ਮੇਰਾ ਵੀ ਹੋ ਸਕਦਾ ਹੈ। ਬਾਅਦ ਵਿਚ ਭਾਵੇਂ ਤਾਂਤਰਿਕ ਨੂੰ ਫਾਂਸੀ ਹੋ ਜਾਵੇ ਜਾਂ ਜੇਲ੍ਹ ਹੋ ਜਾਵੇ ਅਤੇ ਬੱਚੇ ਦੀ ਇੱਛਾ ਰੱਖਣ ਵਾਲਾ ਪਰਵਾਰ ਵੀ ਅੰਦਰ ਹੋ ਜਾਵੇ, ਪਰ ਅਭਾਗੇ ਪਰਵਾਰ ਨੂੰ ਉਹ ਬੱਚਾ ਨਹੀਂ ਮਿਲਣਾ, ਕੇਵਲ ਸਾਲਾਂਬੱਧੀ ਸੋਗ ਹੀ ਪੱਲੇ ਪੈਣਾ ਹੈ। ਜਹਾਨਾਬਾਦ (ਬਿਹਾਰ) ਵਿਚ ਕਿਸੇ ਪਰਵਾਰ ਦੇ ਔਲਾਦ ਨਹੀਂ ਹੁੰਦੀ ਸੀ ਤਾਂ ਉਹਨਾਂ ਆਪਣੇ ਕਿਸੇ ਗੁਆਂਢੀ ਦਾ 12 ਸਾਲ ਦਾ ਬੱਚਾ ਕੋਈ ਮਿਠਾਈ ਖੁਆਉਣ ਦੇ ਬਹਾਨੇ ਲੈ ਆਂਦਾ ਅਤੇ ਆਉਂਦਿਆਂ ਹੀ ਉਸ ਨੂੰ ਕੁਝ ਸੁੰਘਾ ਕੇ ਤਾਂਤਰਿਕ ਨੇ ਬਲੀ ਦੇ ਦਿੱਤੀ। ਤਾਂਤਰਿਕ ਖਬਰ ਲਿਖੇ ਜਾਣ ਤੱਕ ਫਰਾਰ ਸੀ, ਪਰ ਬਲੀ ਦੇਣ ਵਾਲਾ ਸਾਰਾ ਪਰਵਾਰ ਜੇਲ੍ਹ ਵਿਚ ਹੈ।

ਸਾਡੇ ਮੁਹੱਲੇ ਵਿਚ ਕਿਸੇ ਦੇ ਘਰ ਅੱਗੇ ਕੁੱਤੇ ਦੀ ਲੈਟਰਿਨ ਕੁਝ ਦਿਨਾਂ ਤੋਂ ਪਈ ਹੁੰਦੀ ਸੀ। ਕੋਈ ਆਵਾਰਾ ਕੁੱਤਾ ਵੀ ਕਰ ਸਕਦਾ ਸੀ ਜਾਂ ਕਿਸੇ ਦੇ ਪਾਲਤੂ ਕੁੱਤੇ ਦਾ ਕਾਰਾ ਹੋ ਸਕਦਾ ਸੀ। ਦੁਖੀ ਔਰਤ ਇੱਕ ਜੋਤਿਸ਼ੀ ਕੋਲ ਜਾ ਪਹੁੰਚੀ। ਜੋਤਿਸ਼ੀ ਨੇ ਹਿਸਾਬ-ਕਿਤਾਬ ਲਗਾ ਕੇ ਅਤੇ ਆਪਣੀ ਫੀਸ ਲੈ ਦੱਸਿਆ ਕਿ ਇਹ ਤੁਹਾਡੀ ਗਲੀ ਵਿਚ ਤੁਹਾਡੇ ਸੱਜੇ ਪਾਸੇ ਦੀ ਗੁਆਂਢਣ ਦੇ ਕੁੱਤੇ ਦੀ ਲੈਟਰਿਨ ਹੈ। ਦੁਖੀ ਔਰਤ ਦੇ ਸੱਜੇ ਪਾਸੇ ਤਿੰਨ ਘਰ ਛੱਡ ਕੇ ਕਿਸੇ ਨੇ ਕੁੱਤਾ ਰੱਖਿਆ ਹੋਇਆ ਸੀ ਅਤੇ ਉਹ ਔਰਤ ਕੁੱਤੇ ਵਾਲੇ ਘਰ ਦੇ ਅੱਗੇ ਜਾ ਕੇ ਔਰਤ ਨੂੰ, ਉਸ ਦੇ ਪਤੀ ਨੂੰ ਅਤੇ ਉਸ ਦੇ ਬੱਚਿਆਂ ਨੂੰ ਗਾਹਲਾਂ ਕੱਢਣ ਲੱਗ ਪਈ। ਬੱਚਿਆਂ ਨੂੰ ਮਰਨ ਤੱਕ ਦੇ ਸਰਾਪ ਦੇਈ ਜਾਵੇ। ਅੰਦਰੋਂ ਔਰਤ ਨਿਕਲੀ ਅਤੇ ਬੜੇ ਪਿਆਰ ਨਾਲ ਸਮਝਾਇਆ ਕਿ ਅਸੀ ਆਪਣੇ ਕੁੱਤੇ ਨੂੰ ਲੈਟਰਿਨ ਆਪਣੇ ਕਿਚਨ ਗਾਰਡਨ ਵਿਚ ਕਰਵਾ ਕੇ ਉਥੇ ਹੀ ਦੱਬ ਦੇਂਦੇ ਹਾਂ, ਪਰ ਦੁਖੀ ਔਰਤ ਮੰਨਣ 'ਤੇ ਹੀ ਨਾ ਆਵੇ। ਅਖੀਰ ਦੁਖੀ ਔਰਤ ਨੇ ਦੂਜੀ ਔਰਤ ਦੀ ਗੁੱਤ ਫੜ ਲਈ ਅਤੇ ਛੱਡ-ਛੁੜਾ ਹੋਣ ਤੋਂ ਪਹਿਲਾਂ ਹੀ ਦੋਵੇਂ ਗੁੱਤਮ-ਗੁੱਤੀ ਹੋ ਗਈਆਂ ਅਤੇ ਗਲ ਥਾਣੇ ਤੱਕ ਜਾ ਪਹੁੰਚੀ। ਹੋ ਸਕਦਾ ਹੈ ਕਿ ਕੁੱਤੇ ਵਾਲੀ ਜੋਤਸ਼ੀਆਂ ਆਦਿ 'ਤੇ ਵਿਸਵਾਸ ਨਾ ਕਰਦੀ ਹੋਵੇ ਪਰ ਸਮਾਜ ਵਿਚ ਫੈਲੇ ਅੰਧ-ਵਿਸ਼ਵਾਸ ਕਾਰਨ ਖਾਹਮਖਾਹ ਉਸ ਦੇ ਗਲ ਬਲਾ ਆ ਪਈ। ਇਸੇ ਤਰਾਂ ਗੜ੍ਹਾ (ਜਲੰਧਰ) ਵਿਖੇ ਅੱਜ ਤੋਂ ਪੰਦਰਾਂ ਸਾਲ ਪਹਿਲਾਂ ਬੱਚੇ ਦੇ ਨਹੁੰ ਵਿਚ ਚੋਰ ਦੀ ਸ਼ਕਲ ਵਿਖਾਉਣ ਵਾਲੇ ਬਾਬੇ ਨੇ ਦੋ ਘਰਾਂ ਵਿੱਚ ਲੜਾਈ ਪਵਾ ਦਿੱਤੀ। ਜਦੋਂ ਬਿਨਾਂ ਕਾਰਨ ਗਲ ਪਈ ਲੜਾਈ ਵਾਲੇ ਪਰਵਾਰ ਨੇ ਤਰਕਸ਼ੀਲ ਸੁਸਾਇਟੀ ਪੰਜਾਬ (ਜਲੰਧਰ ਇਕਾਈ) ਕੋਲ ਸ਼ਿਕਾਇਤ ਕੀਤੀ ਤਾਂ ਪੂਰੀ ਪੜਤਾਲ ਕਰਕੇ ਅਸੀਂ ਜਸਵਿੰਦਰ ਸਿੰਘ ਦੀ ਅਗਵਾਈ ਵਿਚ ਬਾਬੇ ਕੋਲੋਂ ਲਿਖਤੀ ਮਾਫੀ ਮਨਵਾਈ ਅਤੇ ਚੋਰ ਪਕੜਾਉਣ ਲਈ ਬਾਬੇ ਦੀ ਸਹਾਇਤਾ ਲੈਣ ਵਾਲੇ ਪਰਵਾਰ ਵੱਲੋਂ ਦਿੱਤੇ ਪੈਸੇ ਵੀ ਮੁੜਵਾਏ।

ਬੀ ਬੀ ਸੀ ਅਨੁਸਾਰ 15 ਫਰਵਰੀ 1918 ਵਿਚ ਰਾਂਚੀ (ਝਾਰਖੰਡ) ਵਿਖੇ ਅੰਧ-ਵਿਸ਼ਵਾਸੀ ਲੋਕ ਇੱਕ ਮਾਂ ਅਤੇ ਉਸ ਦੀ ਬੇਟੀ ਨੂੰ ਉਹਨਾਂ ਦੇ ਘਰ ਦਾ ਦਰਵਾਜ਼ਾ ਤੋੜ ਕੇ ਸ਼ਮਸ਼ਾਨ ਘਾਟ ਲੈ ਗਏ। ਉਨ੍ਹਾਂ 'ਤੇ ਦੋਸ਼ ਸੀ ਕਿ ਉਹ ਡੈਣਾਂ ਹਨ। ਪਹਿਲਾਂ ਦੋਹਾਂ ਦੇ ਸਿਰ ਉਸਤਰੇ ਨਾਲ ਮੁੰਨ ਦਿੱਤੇ, ਫੇਰ ਉਹਨਾਂ ਦੇ ਕੱਪੜੇ ਲਾਹ ਦਿੱਤੇ, ਉਹਨਾਂ ਦੋਹਾਂ ਦੇ ਮੂੰਹ ਵਿੱਚ ਪਿਸ਼ਾਬ ਕਰਨ ਤੋਂ ਬਾਅਦ ਉਹਨਾਂ ਉੱਤੇ ਮਨੁੱਖੀ ਮਲ ਸੁੱਟਿਆ ਗਿਆ ਅਤੇ ਉਹਨਾਂ ਦੇ ਮੂੰਹਾਂ ਵਿਚ ਵੀ ਤੁੰਨਿਆ ਗਿਆ। ਅੰਤ ਵਿੱਚ ਉਹਨਾਂ ਨੂੰ ਕੇਵਲ ਇੱਕ-ਇੱਕ ਸਫੈਦ ਸਾੜ੍ਹੀ, ਪਰ ਕੋਈ ਬਲਾਊਜ ਨਾ ਦੇ ਕੇ ਸਾਰੇ ਪਿੰਡ ਵਿੱਚ ਘੁਮਾਇਆ ਗਿਆ।

ਇਸ ਇੱਕ ਖਬਰ ਤੋਂ ਇਲਾਵਾ ਭਾਰਤ ਵਿਚ ਕਿੰਨੀਆਂ ਹੀ ਬਿਮਾਰ ਔਰਤਾਂ ਨੂੰ ਠੀਕ ਕਰਨ ਦੇ ਬਹਾਨੇ ਤਾਂਤਰਿਕਾਂ ਨੇ ਆਪਣੀ ਹਵਸ ਦਾ ਸ਼ਿਕਾਰ ਬਣਾਇਆ, ਕਈਆਂ ਦੇ ਘਰਾਂ ਵਿੱਚ ਦੁੱਖ-ਦਲਿਦਰ ਦੂਰ ਕਰਨ ਦੇ ਬਹਾਨੇ ਸਾਰੇ ਟੱਬਰ ਨੂੰ ਬੇਹੋਸ਼ ਕਰਕੇ ਸਭ ਕੁਝ ਲੁੱਟ ਕੇ ਲੈ ਗਏ। ਗਿਸ਼ਤੇਦਾਰ ਤਾਂਤਰਿਕ ਵੀ ਕਿਸੇ ਨੂੰ ਮਾਫ ਨਹੀਂ ਕਰਦੇ। ਮੁਰਾਦਾਬਾਦ ਦੇ ਮਿਥਨਪੁਰ ਮਹੇਸ ਪਿੰਡ ਦੇ ਨਿਵਾਸੀ ਹਾਕਮ ਸਿੰਘ ਦਾ ਤਾਂਤਰਿਕ ਗਿਸ਼ਤੇਦਾਰ ਉਸ ਦੇ 11 ਸਾਲ ਦੇ ਬੇਟੇ ਨੂੰ 29 ਅਪ੍ਰੈਲ 2012 ਵਾਲੇ ਦਿਨ ਇੱਕ ਜੰਗਲ ਵਿੱਚ ਲੈ ਗਿਆ, ਜਿੱਥੇ ਉਸ ਦੀਆਂ ਅੱਖਾਂ ਦੇ ਡੇਲੇ ਕੱਢ ਕੇ ਉਸ ਨਾਲ ਬਦਫੈਲੀ ਕੀਤੀ ਅਤੇ ਬੇਹੋਸ਼ ਕਰਕੇ ਆਪਣੇ ਵਲੋਂ ਇੱਕ ਤਲਾਬ ਵਿਚ ਸੁੱਟ ਦਿੱਤਾ, ਪਰ ਬੇਟਾ ਤਲਾਬ ਦੇ ਕਿਨਾਰੇ ਕੋਲ ਹੀ ਡਿੱਗ ਪਿਆ। ਦੂਜੇ ਦਿਨ ਪਰਵਾਰ ਦੇ ਲੋਕਾਂ ਨੇ ਬੇਟੇ ਨੂੰ ਹਸਪਤਾਲ ਦਾਖਲ ਕਰਵਾਇਆ। ਬੇਟਾ ਤਾਂ ਠੀਕ ਹੋ ਗਿਆ, ਪਰ ਅੱਖਾਂ ਤੋਂ ਬਿਲਕੁਲ ਅੰਨ੍ਹਾ ਹੋ ਗਿਆ। ਵਾਸਤੂ ਸ਼ਾਸਤਰ ਵਾਲਿਆਂ ਨੇ ਕਿੰਨੀਆਂ ਦੇ ਘਰ ਦੇ ਦਰਵਾਜ਼ੇ, ਪੌੜੀਆਂ ਜਾਂ ਰਸੋਈਆਂ ਗਲਤ ਦਿਸ਼ਾ ਦੱਸ ਕੇ ਤੁੜਵਾਈਆਂ।

ਮੁਫਤ ਦੀ ਸਲਾਹ ਦੇਣ ਵਾਲੇ ਵੀ ਬਹੁਤ ਹਨ। ਮੈਂ ਜਦੋਂ ਸਰਕਾਰੀ ਸਕੂਲ 'ਚ ਕੰਮ ਕਰਦਾ ਸੀ ਤਾਂ ਮੈਨੂੰ ਸਾਇੰਸ ਸੁਪਰਵਾਈਜ਼ਰ ਨਾਲ ਕੰਮ ਪੈ ਗਿਆ। ਮੈਂ ਉਸ ਨਾਲ ਗੱਲਬਾਤ ਕਰ ਹੀ ਰਿਹਾ ਸੀ ਕਿ ਇੱਕ ਅਧਿਆਪਕ ਨੇ ਆ ਕੇ ਸੁਪਰਵਾਈਜ਼ਰ ਨੂੰ ਦੱਸਿਆ ਕਿ ਮੇਰੀ ਪਤਨੀ ਕਈ ਸਾਲਾਂ ਤੋਂ ਕੈਂਸਰ ਪੀੜਤ ਹੈ। ਸਾਇੰਸ ਸੁਪਰਵਾਈਜ਼ਰ ਚਾਹੀਦਾ ਤਾਂ ਇਹ ਸੀ ਕਿ ਵਿਗਿਆਨਕ ਸੋਚ ਵਾਲੇ ਹੁੰਦੇ, ਪਰ ਉਨ੍ਹਾਂ ਮੈਨੂੰ ਕਿਹਾ, "ਅੱਜ ਤੱਕ ਕੋਈ ਹਸਪਤਾਲ ਕਿਸੇ ਕੈਂਸਰ ਦੇ ਮਰੀਜ਼ ਦਾ ਇਲਾਜ ਨਹੀਂ ਕਰ ਸਕਿਆ, ਘਰ ਬੈਠ ਕੇ ਰੋਜ਼ਾਨਾ ਹਨੂੰਮਾਨ ਚਲੀਸਾ ਦਾ ਪਾਠ ਕਰਿਆ ਕਰੋ।' ਜੇਕਰ ਮੈਂ ਵੀ ਲਾਈਲੱਗ ਹੁੰਦਾ ਤਾਂ ਹਸਪਤਾਲ ਤੋਂ ਛੁੱਟੀ ਦਵਾ ਕੇ ਘਰ ਲੈ ਆਉਂਦਾ ਅਤੇ ਹਨੂੰਮਾਨ ਚਾਲੀਸਾ ਦਾ ਪਾਠ ਸ਼ੁਰੂ ਕਰ ਦੇਂਦਾ ਅਤੇ ਮੇਰੀ ਪਤਨੀ ਪੰਜਵੇਂ ਸਾਲ ਹੀ ਇਸ ਸੰਸਾਰ ਨੂੰ ਅਲਵਿਦਾ ਕਹਿ ਜਾਂਦੀ, ਪਰ ਮੇਰੀ ਵਿਗਿਆਨਕ ਸੋਚ ਹੋਣ ਕਾਰਨ ਉਹ ਹਸਪਤਾਲ ਦੇ ਇਲਾਜ ਨਾਲ ਸਾਢੇ ਸੋਲਾ

5-AUG-PAGE-5.qxd 8/4/2023 9:29 PM Page 1

ਝੋਨੇ ਦੇ ਸੀਜ਼ਨ ਦੌਰਾਨ ਨਿਰਵਿਘਨ ਬਿਜਲੀ ਸਪਲਾਈ ਲਈ ਸਰਕਾਰ ਨੇ ਢੁੱਕਵੇਂ ਕਦਮ ਪੁੱਟੇ : ਬਿਜਲੀ ਮੰਤਰੀ

ਵਿਕਾਸ ਕਾਰਜਾਂ ਅਤੇ ਲੋਕ ਭਲਾਈ ਸਕੀਮਾਂ ਦੀ ਪ੍ਰਗਤੀ ਦਾ ਲਿਆ ਜਾਇਜ਼ਾ

ਮੋਗਾ (ਅਮਰਜੀਤ ਬੱਬਰੀ)-ਪੰਜਾਬ ਦੇ ਬਿਜਲੀ ਤੇ ਲੋਕ ਨਿਰਮਾਣ ਵਿਭਾਗਾਂ ਦੇ ਕੈਬਨਿਟ ਮੰਤਰੀ ਹਰਭਜਨ ਸਿੰਘ ਨੇ ਮੋਗਾ ਵਿਖੇ ਵਿਕਾਸ ਕਾਰਜਾਂ ਤੇ ਲੋਕ ਭਲਾਈ ਸਕੀਮਾਂ ਦੀ ਪ੍ਰਗਤੀ ਦਾ ਜਾਇਜ਼ਾ ਲੈਣ ਲਈ ਸਮੂਹ ਜ਼ਿਲ੍ਹਾ ਮੁਖੀ ਅਧਿਕਾਰੀਆਂ ਨਾਲ ਮੀਟਿੰਗ ਕੀਤੀ ਤੇ ਹਦਾਇਤਾਂ ਜਾਰੀ ਕੀਤੀਆਂ। ਇਸ ਮੌਕੇ ਸ੍ਰੀਮਤੀ ਅਮਨਦੀਪ ਕੌਰ ਅਰੋੜਾ ਵਿਧਾਇਕਾ ਮੋਗਾ, ਮਨਜੀਤ ਸਿੰਘ ਬਿਲਾਸਪੁਰ ਵਿਧਾਇਕ ਨਿਹਾਲ ਸਿੰਘ ਵਾਲਾ, ਅੰਮ੍ਰਿਤਪਾਲ ਸਿੰਘ ਸੁਖਾਨੰਦ ਵਿਧਾਇਕ ਬਾਘਾਪੁਰਾਣਾ, ਦਵਿੰਦਰਜੀਤ ਸਿੰਘ ਲਾਡੀ ਢੋਸ ਵਿਧਾਇਕ ਧਰਮਕੋਟ, ਹਰਮਨਦੀਪ ਸਿੰਘ ਚੇਅਰਮੈਨ ਜ਼ਿਲ੍ਹਾ ਯੋਜਨਾ ਬੋਰਡ, ਸ੍ਰੀ ਦੀਪਕ ਅਰੋੜਾ ਚੇਅਰਮੈਨ ਨਗਰ ਸੁਧਾਰ ਟਰੱਸਟ, ਕੁਲਵੰਤ ਸਿੰਘ ਡਿਪਟੀ ਕਮਿਸ਼ਨਰ, ਸ੍ਰੀ ਜੇ ਇਲਨਚੇਲੀਅਨ ਜ਼ਿਲ੍ਹਾ ਪੁਲਸ ਮੁਖੀ ਤੇ ਹੋਰ ਸੀਨੀਅਰ ਅਧਿਕਾਰੀ ਹਾਜ਼ਰ ਸਨ। ਮੀਟਿੰਗ ਤੋਂ ਹਰਭਜਨ ਸਿੰਘ ਨੇ ਦੱਸਿਆ ਕਿ ਪੰਜਾਬ ਸਰਕਾਰ ਅਗਾਮੀ ਝੋਨੇ ਦੇ ਸੀਜਨ ਦੌਰਾਨ ਕਿਸਾਨਾਂ ਨੂੰ 8 ਘੰਟੇ ਤੇ ਘਰੇਲੂ ਲੋੜਾਂ ਲਈ 24 ਘੰਟੇ ਨਿਰਵਿਘਨ ਬਿਜਲੀ ਸਪਲਾਈ ਦੇਣ ਲਈ ਦ੍ਰਿੜ ਵਚਨਬੱਧ ਹੈ। ਇਸ ਦਿਸ਼ਾ ਵਿੱਚ ਸਰਕਾਰ ਤੇ ਬਿਜਲੀ ਵਿਭਾਗ ਵੱਲੋਂ ਢੁੱਕਵੇਂ ਕਦਮ ਪੁੱਟੇ ਗਏ ਹਨ। ਵਿਭਾਗ ਵੱਲੋਂ ਲੋੜ ਪੈਣ ਉੱਤੇ ਹੋਰ ਸੂਬਿਆਂ ਤੋਂ ਬਿਜਲੀ ਖਰੀਦਣ ਲਈ ਮੌਜੂਦਾ ਸੰਚਾਰ ਸਮਰੱਥਾ ਨੂੰ 7100 ਤੋਂ 9000 ਮੈਗਾਵਾਟ ਤੱਕ ਵਧਾਇਆ ਗਿਆ ਹੈ। ਉਨ੍ਹਾਂ ਕਿਹਾ ਕਿ ਪੀ ਐਸ ਪੀ ਸੀ ਐਲ ਨੇ ਲੰਘੀ 23 ਜੂਨ ਨੂੰ ਹੁਣ ਤੱਕ ਦੀ ਸਭ ਤੋਂ ਉੱਚੀ ਮੰਗ 15325 ਮੈਗਾਵਾਟ ਨੂੰ ਪੂਰਾ ਕੀਤਾ ਹੈ। ਉਨ੍ਹਾਂ ਦਾਅਵੇ ਨਾਲ ਕਿਹਾ ਕਿ ਖੇਤੀਬਾੜੀ ਖੇਤਰ ਨੂੰ 8 ਘੰਟੇ ਬਿਜਲੀ ਸਪਲਾਈ ਦੇਣ ਦੇ ਨਾਲ ਨਾਲ ਹੋਰ ਕਿਸੇ ਵੀ ਵਰਗ ਨੂੰ ਕਿਸੇ ਵੀ ਪਾਵਰਕੱਟ ਦਾ ਸਾਹਮਣਾ ਨਹੀਂ ਕਰਨਾ ਪਿਆ ਹੈ। ਉਨ੍ਹਾਂ ਭਰੋਸਾ ਦਿੱਤਾ ਕਿ ਵਿਧਾਨ ਸਭਾ ਹਲਕਾ ਧਰਮਕੋਟ 'ਚ ਸਬ ਡਵੀਜ਼ਨਲ ਹਸਪਤਾਲ ਚਾਲੂ ਕਰਨ ਲਈ ਉਹ ਨਿੱਜੀ ਤੌਰ ਉੱਤੇ ਸਿਹਤ ਮੰਤਰੀ ਡਾਕਟਰ ਬਲਬੀਰ ਸਿੰਘ ਨਾਲ ਗੱਲ ਕਰਨਗੇ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਮੋਗਾ ਵਿੱਚ ਖਾਲੀ ਪਈਆਂ ਕਾਰਜ ਸਾਧਕ ਅਫ਼ਸਰਾਂ ਦੀਆਂ ਅਸਾਮੀਆਂ ਨੂੰ ਜਲਦ ਭਰਿਆ ਜਾਵੇਗਾ।

ਬਿਜਲੀ ਵਿਭਾਗ ਦੇ ਕੱਚੇ ਮੁਲਾਜ਼ਮਾਂ ਨੂੰ ਡੱਕਿਆ ਜੇਲ੍ਹ 'ਚ

ਮੋਗਾ (ਅਮਰਜੀਤ ਬੱਬਰੀ)-ਬਿਜਲੀ ਮੰਤਰੀ ਹਰਭਜਨ ਸਿੰਘ ਈਟੀਓ ਦਾ ਬਿਜਲੀ ਵਿਭਾਗ ਵਿੱਚ ਕੰਮ ਕਰਨ ਰਹੇ ਕੱਚੇ ਮੁਲਾਜ਼ਮਾਂ ਨੂੰ ਵਿਰੋਧ ਕਰਨ ਤੋਂ ਪਹਿਲਾਂ ਹੀ ਪੁਲਸ ਨੇ ਹਿਰਾਸਤ 'ਚ ਲੈ ਲਿਆ। ਜ਼ਿਕਰਯੋਗ ਹੈ ਕਿ ਪੰਜਾਬ ਦੇ ਬਿਜਲੀ ਤੇ ਲੋਕ ਨਿਰਮਾਣ ਵਿਭਾਗਾਂ ਦੇ ਕੈਬਨਿਟ ਮੰਤਰੀ ਹਰਭਜਨ ਸਿੰਘ ਮੋਗਾ ਵਿਖੇ ਵਿਕਾਸ ਕਾਰਜਾਂ ਤੇ ਲੋਕ ਭਲਾਈ ਸਕੀਮਾਂ ਦੀ ਪ੍ਰਗਤੀ ਦਾ ਜਾਇਜ਼ਾ ਲੈਣ ਲਈ ਸਮੂਹ ਜ਼ਿਲ੍ਹਾ ਮੁਖੀ ਅਧਿਕਾਰੀਆਂ ਨਾਲ ਮੀਟਿੰਗ ਕਰਨ ਪਹੁੰਚੇ ਸਨ, ਜਿਸ ਦੀ ਭਿਣਕ ਪੈਂਦਿਆਂ ਹੀ ਸਰਕਲ ਪ੍ਰਧਾਨ ਸ਼ੇਰ ਸਿੰਘ ਅਗਵਾਈ ਵਿੱਚ ਬਿਜਲੀ ਵਿਭਾਗ 'ਚ ਕੰਮ ਕਰਨ ਰਹੇ ਕੱਚੇ ਮੁਲਾਜ਼ਮ ਵਿਰੋਧ ਕਰਨ ਲਈ ਮੌਕੇ 'ਤੇ ਪਹੁੰਚ ਗਏ। ਪੁਲਸ 18 ਮੁਲਾਜ਼ਮਾਂ ਨੂੰ ਥਾਣਾ ਸਦਰ ਘੱਲ ਕਲਾਂ ਵਿਖੇ ਲੈ ਗਈ, ਜਦਕਿ ਚਾਰ ਮੁਲਾਜ਼ਮਾਂ ਨੂੰ ਥਾਣਾ ਮਹਿਣਾ ਲਿਜਾਇਆ ਗਿਆ। ਮੁਲਾਜ਼ਮਾਂ ਨੂੰ ਹਿਰਾਸਤ ਵਿੱਚ ਲੈਣ ਤੋਂ ਬਾਅਦ ਥਾਣਾ ਸਦਰ ਘੱਲ ਕਲਾਂ ਪੁੱਜੇ ਭਾਰਤੀ ਕਿਸਾਨ ਯੂਨੀਅਨ ਦੇ ਸੂਬਾ ਜਨਰਲ ਸਕੱਤਰ ਬਲੌਰ ਸਿੰਘ ਨੇ ਕਿਹਾ ਕਿ ਇਹ ਸਰਕਾਰ ਦੀ ਬੇਇਨਸਾਫ਼ੀ ਵਾਲੀ ਕਾਰਵਾਈ ਹੈ। ਉਨ੍ਹਾਂ ਦੀ ਗੱਲ ਸੁਣੇ ਬਿਨਾਂ ਹੀ ਆਰਜ਼ੀ ਕੁਮਚਾਰੀਆਂ ਦੀ ਸਿੱਧੀ ਬੰਦੀ ਤਾਨਾਸ਼ਾਹੀ ਹੈ, ਇਸ ਨੂੰ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਇਸ ਮੌਕੇ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਪ੍ਰਧਾਨ ਬਲੌਰ ਸਿੰਘ ਘੱਲ ਕਲਾਂ ਨੇ ਕਿਹਾ ਕਿ ਬਿਜਲੀ ਵਿਭਾਗ ਦੇ ਕੱਚੇ ਮੁਲਾਜ਼ਮਾਂ ਨੂੰ ਪੁਲਸ ਵੱਲੋਂ ਹਿਰਾਸਤ ਵਿੱਚ ਲੈਣਾ ਬਹੁਤ ਹੀ ਨਿੰਦਣਯੋਗ ਘਟਨਾ ਹੈ। ਉਨ੍ਹਾਂ ਕਿਹਾ ਕਿ ਕੱਚੇ ਮੁਲਾਜ਼ਮਾਂ ਦੀਆਂ ਮੰਗਾਂ ਜਲਦੀ ਪੂਰੀਆਂ ਕੀਤੀਆਂ ਜਾਣ। ਉਨ੍ਹਾਂ ਕਿਹਾ ਕਿ ਸ਼ਾਮ 7 ਵਜੇ ਬਿਜਲੀ ਵਿਭਾਗ ਦੇ ਕੱਚੇ ਮੁਲਾਜ਼ਮਾਂ ਨੂੰ ਛੱਡ ਦਿੱਤਾ ਗਿਆ।

ਨੌਜਵਾਨ ਲੜਕੀ ਦਾ ਕਾਤਲ 4 ਘੰਟਿਆਂ 'ਚ ਗ੍ਰਿਫ਼ਤਾਰ

ਸਨੈਪਚੈਟ ਰਾਹੀਂ ਲੜਕੀ ਨਾਲ ਕੀਤੀ ਸੀ ਦੋਸਤੀ

ਜਗਰਾਓਂ (ਅਮਿਤ ਖੰਨਾ)-ਬੀਤੇ ਦਿਨੀਂ ਜਗਰਾਓਂ ਨੇੜਲੇ ਪਿੰਡ ਚਿਮਨਾ ਵਿੱਚ ਇੱਕ ਨੌਜਵਾਨ ਲੜਕੀ ਗੁਰਮਨਜੋਤ ਕੌਰ ਦਾ ਬੇਰਹਿਮੀ ਨਾਲ ਕਤਲ ਕਰ ਦਿੱਤਾ ਗਿਆ ਸੀ। ਪੁਲਸ ਵੱਲੋਂ ਪੂਰੀ ਮੁਸਤੈਦੀ ਦਿਖਾਉਂਦੇ ਹੋਏ ਮੁਲਜ਼ਮ ਨੂੰ 4 ਘੰਟਿਆਂ ਦੇ ਅੰਦਰ ਹੀ ਗ੍ਰਿਫ਼ਤਾਰ ਕਰ ਲਿਆ ਗਿਆ। ਇਸ ਸਬੰਧੀ ਪ੍ਰੈੱਸ ਕਾਨਫਰੰਸ ਦੌਰਾਨ ਐੱਸ ਐੱਸ ਪੀ ਲੁਧਿਆਣਾ ਦਿਹਾਤੀ ਨਵਨੀਤ ਸਿੰਘ ਬੈਂਸ ਨੇ ਦੱਸਿਆ ਕਿ ਗ੍ਰਿਫ਼ਤਾਰ ਮੁਲਜ਼ਮ ਗੁਰਕੀਰਤ ਸਿੰਘ ਇਸੇ ਪਿੰਡ ਦਾ ਰਹਿਣ ਵਾਲਾ ਹੈ। ਉਹ ਸਨੈਪਚੈਟ ਰਾਹੀਂ ਉਕਤ ਲੜਕੀ ਨਾਲ ਦੋਸਤੀ ਕਰਦਾ ਸੀ ਤੇ ਅਕਸਰ ਫੋਨ 'ਤੇ ਗੱਲ ਕਰਦਾ ਰਹਿੰਦਾ ਸੀ।

ਕੱਲ੍ਹ ਵੀ ਮੁਲਜ਼ਮਾਂ ਨੇ ਉਕਤ ਲੜਕੀ ਨਾਲ ਪੰਦਰਾਂ ਮਿੰਟ ਤੱਕ ਗੱਲਬਾਤ ਕੀਤੀ ਅਤੇ ਫਿਰ 12:00 ਵਜੇ ਲੜਕੀ ਨੂੰ ਮਿਲਣ ਉਸ ਦੇ ਘਰ ਗਿਆ, ਜਿੱਥੇ ਉਹ ਕਿਸੇ ਗੱਲ ਨੂੰ ਲੈ ਕੇ ਗੱਲ ਕਰਦੇ ਸੁਣੇ ਗਏ ਅਤੇ ਮਾਮਲਾ ਇੰਨਾ ਵਧ ਗਿਆ ਕਿ ਮੁਲਜ਼ਮ ਗੁਰਕੀਰਤ ਸਿੰਘ ਤੁਰੰਤ ਡਰ ਗਿਆ ਅਤੇ ਉਸ ਨੇ ਗੁਰਮਨਜੋਤ ਕੌਰ ਦੀ ਗਰਦਨ ਤੇ ਸਰੀਰ 'ਤੇ ਚਾਕੂ ਨਾਲ ਹਮਲਾ ਕਰ ਦਿੱਤਾ, ਜਿਸ ਕਾਰਨ ਗੁਰਮਨਜੋਤ ਕੌਰ ਦੀ ਮੌਕੇ 'ਤੇ ਹੀ ਮੌਤ ਹੋ ਗਈ ਅਤੇ ਮੁਲਜ਼ਮ ਗੁਰਕੀਰਤ ਸਿੰਘ ਮੌਕੇ ਤੋਂ ਫਰਾਰ ਹੋ ਗਿਆ। ਮੁਲਜ਼ਮ ਦੀ ਗ੍ਰਿਫ਼ਤਾਰੀ ਲਈ ਪੁਲਸ ਵੱਲੋਂ ਟੀਮਾਂ ਦਾ ਗਠਨ ਕੀਤਾ ਗਿਆ ਤੇ ਤਕਨੀਕੀ ਮਾਧਿਅਮ ਦੀ ਵਰਤੋਂ ਕਰਦੇ ਹੋਏ ਦੋਸ਼ੀ ਗੁਰਕੀਰਤ ਸਿੰਘ ਨੂੰ 4 ਘੰਟਿਆਂ ਦੇ ਅੰਦਰ ਹੀ ਕਾਬੂ ਕਰ ਲਿਆ ਗਿਆ। ਇਸ ਦੇ ਨਾਲ ਹੀ ਉਸ ਦੇ ਘਰੋਂ ਵਾਰਦਾਤ 'ਚ ਵਰਤਿਆ ਗਿਆ ਚਾਕੂ ਵੀ ਬਰਾਮਦ ਹੋਇਆ ਹੈ। ਐੱਸ ਐੱਸ ਪੀ ਬੈਂਸ ਨੇ ਦੱਸਿਆ ਕਿ ਮੁਲਜ਼ਮ ਨੂੰ ਅਦਾਲਤ ਵਿੱਚ ਪੇਸ਼ ਕਰਕੇ ਹੋਰ ਰਿਮਾਂਡ ਲਿਆ ਜਾਵੇਗਾ ਤੇ ਹੋਰ ਡੂੰਘਾਈ ਨਾਲ ਪੁੱਛਗਿੱਛ ਕੀਤੀ ਜਾਵੇਗੀ।

ਕਾਤਰਾਂ

ਡੀ ਐੱਸ ਪੀ ਅੱਛਰੂ ਰਾਮ ਨੇ ਸੰਭਾਲਿਆ ਅਹੁਦਾ

ਜਲਾਲਾਬਾਦ (ਸਤਨਾਮ ਸਿੰਘ, ਜੀਤ ਕੁਮਾਰ)-ਸਬ ਡਵੀਜ਼ਨ ਦੇ ਪਹਿਲਾਂ ਵਾਲੇ ਡੀ.ਐਸ.ਪੀ. ਸ਼੍ਰੀ ਅਤੁਲ ਸੋਨੀ ਦੀ ਬਦਲੀ ਫ਼ਾਜ਼ਿਲਕਾ ਵਿਖੇ ਐਨ.ਡੀ.ਪੀ.ਐਸ.-ਕਮ-ਨਾਰਕੋਟਿਕ ਸੈੱਲ ਵਿੱਚ ਹੋ ਜਾਣ ਉਪਰੰਤ ਹੁਣ ਡੀ.ਐਸ.ਪੀ. ਸ਼੍ਰੀ ਅੱਛਰੂ ਰਾਮ ਸ਼ਰਮਾ ਦੀ ਤੈਨਾਤੀ ਹੋਈ ਹੈ। ਵਿਜੀਲੈਂਸ ਬਿਊਰੋ ਪੰਜਾਬ ਤੋਂ ਬਦਲ ਕੇ ਇਥੇ ਆਏ ਡੀ.ਐਸ.ਪੀ ਸ਼੍ਰੀ ਏ.ਆਰ. ਸ਼ਰਮਾ ਨੇ ਆਪਣਾ ਚਾਰਜ ਸੰਭਾਲ ਲਿਆ ਹੈ। ਡੀ.ਐਸ.ਪੀ. ਸ਼੍ਰੀ ਅੱਛਰੂ ਰਾਮ ਸ਼ਰਮਾ ਨੇ ਕਿਹਾ ਕਿ ਤਹਿਸੀਲ ਜਲਾਲਾਬਾਦ ਦੇ ਅੰਦਰ ਅਮਨ-ਸ਼ਾਂਤੀ ਕਾਇਮ ਰੱਖਣਾ ਤੇ ਨਾਗਰਿਕਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣਾ, ਉਨ੍ਹਾਂ ਦਾ ਮੁੱਖ ਟੀਚਾ ਹੈ। ਡੀ.ਐਸ.ਪੀ. ਨੇ ਇਲਾਕੇ ਅੰਦਰ ਨਸ਼ੇ, ਚੋਰੀਆਂ ਆਦਿ ਸਮਾਜ ਵਿਰੋਧੀ ਬੁਰੇ ਕੰਮ ਕਰਨ ਵਾਲਿਆਂ ਨੂੰ ਸਖਤ ਤਾੜਨਾ ਕਰਦਿਆਂ ਕਿਹਾ ਕਿ ਉਹ ਆਪਣੀਆਂ ਸਮਾਜ ਵਿਰੋਧੀ ਹਰਕਤਾਂ ਤੋਂ ਬਾਜ਼ ਆਉਣ ਨਹੀਂ ਤਾਂ ਉਨ੍ਹਾਂ ਨੂੰ ਕਿਸੇ ਵੀ ਕੀਮਤ ਤੇ ਬਖਸ਼ਿਆ ਨਹੀਂ ਜਾਵੇਗਾ। ਇਲਾਕੇ ਅੰਦਰ ਕਿਸੇ ਨੂੰ ਨਸ਼ਿਆ, ਦੜੇ-ਸੱਟੇ ਆਦਿ ਸਮਾਜ ਵਿਰੋਧੀ ਕਾਰੋਬਾਰ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ ਅਤੇ ਫੜ ਕੇ ਕਾਨੂੰਨ ਦੇ ਸ਼ਿਕੰਜੇ ਵਿਚ ਲਿਆਂਦਾ ਜਾਵੇਗਾ।

ਨੰਬਰਦਾਰ ਯੂਨੀਅਨ ਵੱਲੋਂ ਭੇਜੀ ਪਸ਼ੂ ਚਾਰੇ ਦੀ ਮਦਦ

ਫਾਜ਼ਿਲਕਾ (ਨਿਸ਼ਾ ਸ਼ਰਮਾ)-ਜ਼ਿਲਾ ਫਾਜ਼ਿਲਕਾ ਨੰਬਰਦਾਰ ਯੂਨੀਅਨ ਨੇ ਹੜ੍ਹ ਪ੍ਰਭਾਵਿਤ ਇਲਾਕਿਆਂ 'ਚ ਪਸ਼ੂਆਂ ਲਈ ਭੇਜੀ ਮਦਦ ਚਾਰੇ ਵਾਲੀਆਂ ਟਰਾਲੀਆਂ ਨੂੰ ਵਧੀਕ ਡਿਪਟੀ ਕਮਿਸ਼ਨਰ ਅਮਿਤ ਕੁਮਾਰ ਪੰਚਾਲ ਨੇ ਆਪਣੀ ਦੇਖ ਰੇਖ 'ਚ ਰਵਾਨਾ ਕੀਤਾ ਅਤੇ ਪੂਰੀ ਨੰਬਰਦਾਰ ਯੂਨੀਅਨ ਦਾ ਧੰਨਵਾਦ ਕੀਤਾ। ਇਸ ਮੌਕੇ ਬਲਵੰਤ ਸਿੰਘ ਜ਼ਿਲਾ ਪ੍ਰਧਾਨ, ਰਾਜਨ ਸੇਤੀਆ ਵਾਈਸ ਪ੍ਰਧਾਨ, ਮਦਨ ਲਾਲ ਸਰਕਲ ਵਾਈਸ ਜ਼ਿਲਾ ਪ੍ਰਧਾਨ, ਸੁਭਾਸ਼ ਚੰਦਰ ਕਟਾਰੀਆ ਜ਼ਿਲ੍ਹਾ ਲੀਗਲ ਸਲਾਹਕਾਰ, ਹਰਜੀਤ ਸਿੰਘ ਸ਼ੇਰੀ ਜ਼ਿਲ੍ਹਾ ਮੀਤ ਪ੍ਰਧਾਨ, ਜੋਲਾ ਐੱਸ ਸੀ, ਸਤਪਾਲ ਸਿੰਘ ਨੰਬਰਦਾਰ ਅਰਨੀਵਾਲਾ, ਪੂਰਨ ਸਿੰਘ ਨੰਬਰਦਾਰ ਮੀਤ ਪ੍ਰਧਾਨ ਪੰਜਾਬ, ਸੂਰਜ ਪ੍ਰਕਾਸ਼ ਬਤਰਾ ਮੀਤ ਪ੍ਰਧਾਨ, ਬਲਜਿੰਦਰ ਸਿੰਘ ਰਾਮਕੋਟ, ਹਰਕ੍ਰਿਸ਼ਨ ਲਾਲ ਹਾਜ਼ਰ ਸਨ।

ਸ਼੍ਰੋਮਣੀ ਅਕਾਲੀ ਦਲ ਦੀ ਮੀਟਿੰਗ 7 ਨੂੰ

ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ, ਕੁਲਦੀਪ ਅੱਤਰੀ)-ਸ਼੍ਰੋਮਣੀ ਅਕਾਲੀ ਦਲ ਵੱਲੋਂ ਅਮਰ ਸ਼ਹੀਦ ਸੰਤ ਹਰਚੰਦ ਸਿੰਘ ਲੌਂਗੋਵਾਲ ਦੀ ਬਰਸੀ 20 ਅਗਸਤ ਨੂੰ ਮਨਾਉਣ ਦੇ ਸਬੰਧੀ ਗੁਰਦੁਆਰਾ ਚੁੱਲ੍ਹੇ ਬਾਬਾ ਆਲਾ ਸਿੰਘ ਲੌਂਗੋਵਾਲ ਵਿਖੇ 7 ਅਗਸਤ ਸ਼ਾਮ 4 ਵਜੇ ਮੀਟਿੰਗ ਰੱਖੀ ਗਈ ਹੈ। ਜਾਣਕਾਰੀ ਦਿੰਦੇ ਹੋਏ ਸੀਨੀਅਰ ਅਕਾਲੀ ਆਗੂ ਦਲਜੀਤ ਸਿੰਘ ਸਿੱਧੂ ਸਾਬਕਾ ਪ੍ਰਧਾਨ ਨਗਰ ਕੌਂਸਲ ਤੇ ਭਾਈ ਬਲਵਿੰਦਰ ਸਿੰਘ ਕੈਂਬੋਵਾਲ ਨੇ ਦੱਸਿਆ ਕਿ ਸੰਤ ਜੀ ਦੀ ਬਰਸੀ ਸਬੰਧੀ ਸਾਬਕਾ ਮੰਤਰੀ ਭਾਈ ਗੋਬਿੰਦ ਸਿੰਘ ਲੌਂਗੋਵਾਲ ਦੀ ਅਗਵਾਈ ਹੇਠ ਮੀਟਿੰਗ ਹੋਵੇਗੀ ਤੇ ਬਰਸੀ ਮਨਾਉਣ ਸਬੰਧੀ ਵਿਚਾਰ-ਵਟਾਂਦਰਾ ਵੀ ਕੀਤਾ ਜਾਵੇਗਾ।

ਫ੍ਰੀ ਚੈੱਕਅਪ ਕੈਂਪ ਭਲਕੇ

ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਰੀਸਟਰੋਨੋਵਾ ਕਲੀਨਿਕ ਫਿਰੋਜ਼ਪੁਰ ਵਿਖੇ ਦਿਲ ਤੇ ਪੇਟ ਦੇ ਰੋਗਾਂ ਦਾ ਫਰੀ ਚੈੱਕਅੱਪ ਕੈਂਪ 6 ਅਗਸਤ ਨੂੰ ਸਵੇਰੇ 10 ਤੋਂ ਦੁਪਹਿਰ 2 ਵਜੇ ਤੱਕ 28 ਪੁੱਡਾ ਮਾਰਕੀਟ, ਨੇੜੇ ਸਿਵਲ ਹਸਪਤਾਲ ਫਿਰੋਜ਼ਪੁਰ ਸ਼ਹਿਰ ਵਿਖੇ ਲਗਾਇਆ ਜਾਵੇਗਾ, ਜਿਸ ਵਿੱਚ ਸ਼ੂਗਰ ਟੈਸਟ ਤੇ ਈਸੀਜੀ ਫ੍ਰੀ ਕੀਤੀ ਜਾਵੇਗੀ। ਇਸ ਕੈਂਪ ਵਿੱਚ ਦਿਲ ਦੀਆਂ ਬਿਮਾਰੀਆਂ ਦੇ ਮਾਹਰ ਡਾਕਟਰ ਸਿਮਰਨ ਸਿੰਘ, ਪੇਟ ਤੇ ਜਿਗਰ ਰੋਗਾਂ ਦੇ ਮਾਹਰ ਡਾਕਟਰ ਵਿਸ਼ਵਨੂਰ ਸਿੰਘ ਕਾਲੜਾ ਮਰੀਜ਼ਾਂ ਦਾ ਚੈੱਕਅੱਪ ਕਰਨਗੇ। ਇਹ ਜਾਣਕਾਰੀ ਰਵਿੰਦਰ ਲੂਥਰਾ ਨੇ ਦਿੱਤੀ।

ਟੈਂਪੂ ਲੁੱਟਣ ਉਪਰੰਤ ਚਾਲਕ ਨੂੰ ਕਤਲ ਕਰਕੇ ਨਹਿਰ 'ਚ ਸੁੱਟਿਆ

■ ਚੋਰੀ ਦੇ ਬੁਲਟ ਸਮੇਤ ਕਾਬੂ ਕੀਤੇ ਵਿਅਕਤੀ ਨੇ ਪੁੱਛਗਿੱਛ ਦੌਰਾਨ ਕੀਤਾ ਖੁਲਾਸਾ

ਗ੍ਰਿਫ਼ਤਾਰ ਕੀਤਾ ਵਿਅਕਤੀ ਪੁਲਸ ਪਾਰਟੀ ਨਾਲ।

ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਚੋਰੀ ਦੇ ਬੁਲਟ ਮੋਟਰਸਾਈਕਲ ਸਮੇਤ ਕਾਬੂ ਆਏ ਇੱਕ ਵਿਅਕਤੀ ਵੱਲੋਂ ਪੁਲਸ ਕੋਲ ਪੁੱਛਗਿੱਛ ਦੌਰਾਨ ਇੱਕ ਟੈਂਪੂ ਚਾਲਕ ਦੇ ਕਤਲ ਦਾ ਇਕਬਾਲ ਕਰਨ ਦਾ ਸਮਾਚਾਰ ਹੈ। ਐੱਸ.ਪੀ.(ਡੀ) ਰਕੇਸ਼ ਯਾਦਵ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਬੀਤੀ 30 ਜੁਲਾਈ ਨੂੰ ਪਿੰਡ ਭੱਦਲਬੂਹਾ ਵਿਖੇ ਨਾਕਾਬੰਦੀ ਕਰਕੇ ਚੈਕਿੰਗ ਕਰ ਰਹੀ ਥਾਣਾ ਅਮਲੋਹ ਦੀ ਪੁਲਸ ਪਾਰਟੀ ਨੇ ਬਿਨਾਂ ਨੰਬਰੀ ਬੁਲਟ 'ਤੇ ਆ ਰਹੇ ਗੁਰਦੀਪ ਸਿੰਘ ਦੀਪੂ ਵਾਸੀ ਪਿੰਡ ਨਰੈਣਗੜ੍ਹ ਨੂੰ ਕਾਬੂ ਕੀਤਾ ਸੀ, ਜਿਸ ਦੀ ਪੁੱਛਗਿੱਛ ਦੌਰਾਨ ਪਤਾ ਲੱਗਾ ਕਿ ਉਕਤ ਮੋਟਰਸਾਈਕਲ ਉਸ ਨੇ ਆਪਣੇ ਹੋਰ ਸਾਥੀਆਂ ਨਾਲ ਮਿਲ ਕੇ ਚੰਡੀਗੜ੍ਹ ਦੇ ਇਲਾਕੇ 'ਚੋਂ ਚੋਰੀ ਕੀਤਾ ਸੀ, ਜਿਸ ਸਬੰਧੀ ਗੁਰਦੀਪ ਸਿੰਘ ਦੀਪੂ ਤੇ ਉਸ ਦੇ 3 ਹੋਰ ਵਿਅਕਤੀਆਂ ਵਿਰੁੱਧ ਥਾਣਾ ਅਮਲੋਹ ਵਿਖੇ ਮੁਕੱਦਮਾ ਦਰਜ ਕਰਕੇ ਤਫਤੀਸ਼ ਸ਼ੁਰੂ ਕੀਤੀ ਗਈ, ਜਿਸ ਦੌਰਾਨ ਗੁਰਦੀਪ ਸਿੰਘ ਉਰਫ ਦੀਪੂ ਦਾ ਰਿਮਾਂਡ ਹਾਸਲ ਕਰਕੇ ਜਦੋਂ ਉਸ ਤੋਂ ਸਖਤੀ ਨਾਲ ਪੁੱਛਗਿੱਛ ਕੀਤੀ ਗਈ ਤਾਂ ਉਸ ਨੇ ਖੁਲਾਸਾ ਕੀਤਾ ਕਿ ਉਸ ਨੇ ਆਪਣੇ ਸਾਥੀਆਂ ਹਰਦੇਵ ਸਿੰਘ ਉਰਫ ਵਿੱਕੀ ਵਾਸੀ ਪਿੰਡ ਸੌਂਟੀ, ਸੁਖਵਿੰਦਰ ਸਿੰਘ ਉਰਫ ਜੱਜ ਵਾਸੀ ਪਿੰਡ ਨਰੈਣਗੜ੍ਹ ਤੇ ਕਰਨਵੀਰ ਸਿੰਘ ਉਰਫ ਲਾਡੀ ਵਾਸੀ ਪਿੰਡ ਖੁੰਮਣਾ ਨਾਲ ਰਲ ਕੇ ਬੀਤੀ 25 ਜੁਲਾਈ ਨੂੰ ਤੜਕੇ ਬੂਲੇਪੁਰ ਨੇੜਿਓਂ ਅਸ਼ੋਕਾ ਲੇਲੈਂਡ ਟੈਂਪੂ 'ਚ ਸਾਮਾਨ ਲੱਦ ਕੇ ਜਾ ਰਹੇ ਟੈਂਪੂ ਚਾਲਕ ਹਰੀਸ਼ ਵਾਸੀ ਦਿੱਲੀ ਨੂੰ ਅਗਵਾ ਕੀਤਾ ਸੀ ਤੇ ਗੱਡੀ 'ਚ ਲੱਦਿਆ ਸਾਮਾਨ ਲੁੱਟਣ ਉਪਰੰਤ ਉਨ੍ਹਾਂ ਨੇ ਦਾਹ ਮਾਰ ਕੇ ਹਰੀਸ਼ ਨੂੰ ਕਤਲ ਕਰਨ ਉਪਰੰਤ ਪਿੰਡ ਸੌਂਢਾ ਕੋਲੋਂ ਲੰਘਦੀ ਭਾਖੜਾ 'ਚ ਸੁੱਟ ਦਿੱਤਾ ਸੀ। ਐੱਸ.ਪੀ. ਰਕੇ

page-6-5-(AUG)-2023-G-(BV).qxd 8/4/2023 9:31 PM Page 1

ਪਰਵਾਰ ਵੱਲੋਂ ਇੰਜ: ਜਸਵੀਰ ਸਿੰਘ ਦੇ ਨੇਤਰ ਦਾਨ

ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)— ਮੁਹੱਲਾ ਮਾਡਲ ਟਾਊਨ, ਹੁਸ਼ਿਆਰਪੁਰ ਨਿਵਾਸੀ ਇੰਜ ਜਸਵੀਰ ਸਿੰਘ ਦੇ ਅਕਾਲ ਚਲਾਣਾ ਕਰਨ ਉਪਰੰਤ ਪਰਵਾਰਕ ਮੈਂਬਰਾਂ ਵਲੋਂ ਉਨ੍ਹਾਂ ਦੇ ਨੇਤਰਦਾਨ ਦੇ ਪ੍ਰਣ ਨੂੰ ਪੂਰਾ ਕਰਦੇ ਹੋਏ ਉਨ੍ਹਾਂ ਦੇ ਨੇਤਰ, ਨੇਤਰਦਾਨ ਸੰਸਥਾ ਹੁਸ਼ਿਆਰਪੁਰ ਨੂੰ ਦਾਨ ਕੀਤੇ ਗਏ। ਸਿੰਚਾਈ ਵਿਭਾਗ ਵਿੱਚੋਂ ਐਸ ਡੀ ਓ ਦੇ ਅਹੁਦੇ ਤੋਂ ਸੇਵਾ ਮੁਕਤ ਇੰਜ. ਜਸਵੀਰ ਸਿੰਘ ਨੇਤਰਦਾਨ ਸੰਸਥਾ ਹੁਸ਼ਿਆਰਪੁਰ ਅਤੇ ਭਾਈ ਘਨੱਈਆ ਜੀ ਬਲੱਡ ਬੈਂਕ ਹੁਸ਼ਿਆਰਪੁਰ ਦੇ ਸੰਸਥਾਪਕ ਮੈਂਬਰ ਅਤੇ ਸ਼ਹਿਰ ਦੇ ਉੱਘੇ ਸਮਾਜ ਸੇਵਕ ਸਨ। ਇਸ ਸਮੇਂ ਨੇਤਰਦਾਨ ਸੰਸਥਾ ਹੁਸ਼ਿਆਰਪੁਰ ਤੋਂ ਡਾ: ਗੁਰਬਖਸ਼ ਸਿੰਘ, ਬਲਜੀਤ ਸਿੰਘ ਪਨੇਸਰ, ਹਰਭਜਨ ਸਿੰਘ ਅਤੇ ਗੁਰਪ੍ਰੀਤ ਸਿੰਘ ਨੇ ਪਰਵਾਰ ਨਾਲ ਦੁੱਖ ਸਾਂਝਾ ਕੀਤਾ ਅਤੇ ਇਸ ਪਵਿੱਤਰ ਕਾਰਜ ਵਿੱਚ ਹਿੱਸਾ ਪਾਉਣ ਲਈ ਪਰਵਾਰ ਦਾ ਧੰਨਵਾਦ ਕੀਤਾ। ਸੰਸਥਾ ਦੇ ਮੈਂਬਰਾਂ ਨੇ ਦੱਸਿਆ ਕਿ ਜਸਵੀਰ ਸਿੰਘ ਦੇ ਨੇਤਰ ਦੋ ਨੇਤਰਹੀਣ ਵਿਅਕਤੀਆਂ ਨੂੰ ਲਗਵਾਏ ਜਾਣਗੇ ਅਤੇ ਉਨ੍ਹਾਂ ਦੀ ਹਨੇਰੀ ਜਿੰਦਗੀ ਵਿੱਚ ਰੋਸ਼ਨੀ ਭਰੀ ਜਾਵੇਗੀ।

ਜ਼ਿਲ੍ਹਾ ਚੋਣ ਦਫ਼ਤਰ ਵੱਲੋਂ 'ਤੀਆਂ ਲੋਕਤੰਤਰ ਦੀਆਂ' ਮੁਕਾਬਲੇ 'ਚ ਭਾਗ ਲੈਣ ਦੀ ਅਪੀਲ

ਐੱਸ ਏ ਐੱਸ ਨਗਰ (ਗੁਰਜੀਤ ਬਿੱਲਾ)- ਪੰਜਾਬ ਦੇ ਮੁੱਖ ਚੋਣ ਅਫ਼ਸਰ ਵੱਲੋਂ 'ਤੀਆਂ ਲੋਕਤੰਤਰ' ਦੀਆਂ ਮੁਕਾਬਲੇ 'ਚ ਭਾਗ ਲੈਣ ਲਈ ਲੋਕਤੰਤਰ ਨਾਲ ਸਬੰਧਤ ਬੋਲੀਆਂ 'ਤੇ ਆਧਾਰਿਤ ਗਿੱਧਾ ਮੁਕਾਬਲਾ ਕਰਵਾਇਆ ਜਾਵੇਗਾ, ਜਿਸ ਲਈ ਵੀਡੀਓ ਐਂਟਰੀਆਂ ਭੇਜਣ ਦੀ ਆਖਰੀ ਤਰੀਕ 20 ਅਗਸਤ, 2023 ਹੈ।ਇਹ ਜਾਣਕਾਰੀ ਦਿੰਦਿਆਂ ਤਹਿਸੀਲਦਾਰ ਜ਼ਿਲ੍ਹਾ ਚੋਣ ਦਫ਼ਤਰ, ਸੰਜੇ ਕੁਮਾਰ ਨੇ ਦੱਸਿਆ ਕਿ ਭਾਗ ਲੈਣ ਵਾਲੀ ਟੀਮ ਰਵਾਇਤੀ ਪੰਜਾਬੀ ਗਿੱਧੇ ਦੇ ਪਹਿਰਾਵੇ 'ਚ ਇੱਕ ਤੋਂ ਦੋ ਮਿੰਟ ਦਾ ਵੀਡਿਓ ਬਣਾ ਕੇ ਮੁੱਖ ਚੋਣ ਅਫ਼ਸਰ, ਪੰਜਾਬ ਨੂੰ ਈ ਮੇਲ ਪਤੇ 'ਤੇ ਭੇਜ ਸਕਦੇ ਹਨ। ਮੁਕਾਬਲੇ 'ਚ ਹਿੱਸਾ ਲੈਣ ਵਾਲਿਆਂ ਨੂੰ ਉਨ੍ਹਾਂ ਦੀਆਂ ਪੁਜੀਸ਼ਨਾਂ ਮੁਤਾਬਕ ਪੁਰਸਕਾਰ ਵੀ ਦਿੱਤੇ ਜਾਣਗੇ।

ਭਾਰਤ ਛੱਡੋ ਅੰਦੋਲਨ ਦੀ ਵਰ੍ਹੇਗੰਢ ਮੌਕੇ ਜ਼ਿਲ੍ਹਾ ਪੱਧਰੀ ਰੈਲੀ ਤੇ ਮਾਰਚ ਕੀਤਾ ਜਾਵੇਗਾ

ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)- ਸੀਟੂ, ਕੁਲ ਹਿੰਦ ਕਿਸਾਨ ਸਭਾ ਅਤੇ ਕੁਲ ਹਿੰਦ ਅਤੇ ਮਜ਼ਦੂਰ ਯੂਨੀਅਨ ਦੀ ਜ਼ਿਲ੍ਹਾ ਪੱਧਰੀ ਮੀਟਿੰਗ ਸਾਥੀ ਹਰਬੰਸ ਸਿੰਘ ਧੂਤ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿੱਚ ਸਾਥੀ ਗੁਰਨੇਕ ਸਿੰਘ ਭੱਜਲ, ਗੁਰਮੇਸ਼ ਸਿੰਘ, ਮਨਿੰਦਰ ਸਿੰਘ ਬੱਢੋਵਾਣ, ਆਸ਼ਾ ਨੰਦ, ਕਮਲਜੀਤ ਰਾਜਪੁਰ ਭਾਈਆਂ, ਮਹਿੰਦਰ ਸਿੰਘ ਭੀਲੋਵਾਲ, ਨਿਰਮਲਜੀਤ ਸਿੰਘ ਕੱਲੋਵਾਲ, ਗੁਰਬਖਸ਼ ਸਿੰਘ ਸੂਸ ਹਾਜ਼ਰ ਹੋਏ। ਇਸ ਮੌਕੇ ਫੈਸਲਾ ਕੀਤਾ ਗਿਆ ਕਿ 9 ਅਗਸਤ ਨੂੰ ਭਾਰਤ ਛੱਡੋ ਅੰਦੋਲਨ ਦੀ ਵਰ੍ਹੇਗੰਢ ਮੌਕੇ ਭਾਰਤ ਵਿੱਚ ਫਿਰਕੂ ਕਾਰਪੋਰੇਟ ਗਠਜੋੜ ਅਤੇ ਸਾਮਰਾਜੀ ਤੇ ਦੇਸ਼ ਛੱਡੋ ਦੇ ਨਾਹਰੇ ਹੇਠ ਜ਼ਿਲ੍ਹਾ ਪੱਧਰੀ ਰੈਲੀ ਅਤੇ ਮਾਰਚ ਕੀਤਾ ਜਾਵੇਗਾ। ਆਗੂਆਂ ਨੇ ਦੱਸਿਆ ਕਿ ਰੈਲੀ ਗਰੀਨ ਪਾਰਕ ਵਿੱਚ ਕੀਤੀ ਜਾਵੇਗੀ ਅਤੇ ਮਾਰਚ ਮਿਨੀ ਸਕੱਤਰੇਤ ਤੱਕ ਕੀਤਾ ਜਾਵੇਗਾ। ਉਹਨਾਂ ਦੱਸਿਆ ਕਿ 14 ਅਗਸਤ ਨੂੰ ਆਂਗਣਵਾੜੀ ਵਰਕਰ ਅਤੇ ਹੈਲਪਰ ਯੂਨੀਅਨ (ਸੀਟੂ) ਵਲੋਂ ਜੋ ਐਕਸ਼ਨ ਕੀਤਾ ਜਾਵੇਗਾ ਉਸ ਦਾ ਸੀਟੂ, ਕੁਲ ਹਿੰਦ ਕਿਸਾਨ ਸਭਾ ਅਤੇ ਕੁਲ ਹਿੰਦ ਅਤੇ ਮਜ਼ਦੂਰ ਯੂਨੀਅਨ ਵਲੋਂ ਸਮਰਥਨ ਕੀਤਾ ਜਾਵੇਗਾ।

ਜੀ ਟੀ ਯੂ ਵਿਗਿਆਨਕ ਦਾ ਵਫਦ ਜ਼ਿਲ੍ਹਾ ਸਿੱਖਿਆ ਅਫਸਰ ਨੂੰ ਮਿਲਿਆ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)-ਗੌਰਮਿੰਟ ਟੀਚਰ ਯੂਨੀਅਨ ਵਿਗਿਆਨਕ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦਾ ਇੱਕ ਵਫਦ ਜ਼ਿਲ੍ਹਾ ਪ੍ਰਧਾਨ ਪਰਗਟ ਸਿੰਘ ਜੰਬਰ ਦੀ ਪ੍ਰਧਾਨਗੀ ਹੇਠ ਜ਼ਿਲ੍ਹਾ ਸਿੱਖਿਆ ਅਫਸਰ ਐਲੀ ਸਿੱਖਿਆ ਸ੍ਰੀ ਅਜੇ ਸ਼ਰਮਾ ਜੀ ਨੂੰ ਮਿਲਿਆ। ਯੂਨੀਅਨ ਦੇ ਵੱਫਦ ਨੇ ਨਵੇਂ ਜ਼ਿਲ੍ਹਾ ਸਿੱਖਿਆ ਅਫਸਰ ਨੂੰ ਜੀ ਆਇਆਂ ਕਿਹਾ ਤੇ ਅਧਿਆਪਕਾਂ ਦੀਆਂ ਮੰਗਾਂ ਬਾਰੇ ਵਿਸਥਾਰ ਸਹਿਤ ਚਰਚਾ ਕੀਤੀ। ਪ੍ਰਾਇਮਰੀ ਅਧਿਆਪਕਾਂ ਨੂੰ ਕੰਪਿਊਟਰ ਟ੍ਰੇਨਿੰਗ ਦੇਣ ਦੀ ਮੰਗ ਕੀਤੀ। ਗ੍ਰਾਂਟਾਂ ਦੇ ਬਿਲ ਖਜ਼ਾਨੇ ਰਾਹੀਂ ਪਾਸ ਕਰਵਾਉਣ ਨਾਲ ਅਦਾਇਗੀ 'ਚ ਦੇਰੀ ਨਾਲ ਸਬੰਧਤ ਸਮੱਸਿਆਵਾਂ ਬਾਰੇ ਗੱਲਬਾਤ ਕੀਤੀ। ਜ਼ਿਲ੍ਹਾ ਸਿੱਖਿਆ ਅਫਸਰ ਨੇ ਵਿਸ਼ਵਾਸ ਦਿਵਾਇਆ ਕਿ ਅਧਿਆਪਕਾਂ ਦੀਆਂ ਹਰ ਕਿਸਮ ਦੀਆਂ ਸਮੱਸਿਆਵਾਂ ਦਾ ਜਲਦ ਨਿਪਟਾਰਾ ਕਰ ਦਿੱਤਾ ਜਾਵੇਗਾ। ਵਫਦ 'ਚ ਗੁਰਪ੍ਰੀਤ ਸਿੰਘ ਸੰਧੂ, ਨਵਦੀਪ ਸੁੱਖੀ, ਸੰਜੇ ਕੁਮਾਰ, ਗੁਰਵਿੰਦਰ ਸਿੰਘ, ਸਤਨਾਮ ਸਿੰਘ, ਪਰਵਿੰਦਰ ਸਿੰਘ, ਭੋਲਾ ਸਿੰਘ, ਅਜੀਤਪਾਲ ਸਿੰਘ ਤੇ ਮਨੋਜ ਕੁਮਾਰ ਸ਼ਾਮਲ ਸਨ।

ਸ੍ਰੀ ਰਾਧਾ ਰਾਣੀ ਪ੍ਰਭਾਤ ਫੇਰੀ ਵੱਲੋਂ ਜਨਮ ਅਸ਼ਟਮੀ ਮਨਾਉਣ ਦਾ ਫੈਸਲਾ

ਤਪਾ ਮੰਡੀ (ਅਰੁਣ ਗੋਇਲ)-ਸ੍ਰੀ ਰਾਧਾ ਰਾਣੀ ਪ੍ਰਭਾਤ ਫੇਰੀ ਮੰਡਲ ਤਪਾ ਦੀ ਇੱਕ ਜ਼ਰੂਰੀ ਮੀਟਿੰਗ ਮੰਡਲ ਦੇ ਮੈਂਬਰ ਰਜਿੰਦਰ ਕੁਮਾਰ (ਲਵਲੀ ਮੌੜ) ਦੀ ਦੁਕਾਨ 'ਤੇ ਹੋਈ। ਜਿਸ ਵਿੱਚ ਸ੍ਰੀ ਕ੍ਰਿਸ਼ਨ ਜਨਮ ਅਸ਼ਟਮੀ ਅਤੇ ਸ੍ਰੀ ਰਾਧਾ ਅਸ਼ਟਮੀ ਮਨਾਉਣ ਸੰਬੰਧੀ ਵਿਚਾਰ ਵਟਾਂਦਰਾ ਕਰਨ ਉਪਰੰਤ ਫੈਸਲਾ ਲਿਆ ਗਿਆ ਕਿ ਸ੍ਰੀ ਕ੍ਰਿਸ਼ਨ ਜਨਮ ਅਸ਼ਟਮੀ 7 ਸਤੰਬਰ ਨੂੰ ਸਵੇਰੇ 5-30 ਸ੍ਰੀ ਪੰਚਾਇਤੀ ਮੰਦਰ ਗਲੀ ਨੰਬਰ 5 ਵਿੱਚੋਂ ਪ੍ਰਭਾਤ ਫੇਰੀ ਕੱਢ ਕੇ ਅਤੇ ਸ੍ਰੀ ਰਾਧਾ ਅਸ਼ਟਮੀ 23 ਸਤੰਬਰ ਨੂੰ ਅੰਦਰਲੀ ਗਊ ਸ਼ਾਲਾ ਵਿੱਚ ਮਨਾਈ ਜਾਵੇਗੀ। ਇਸ ਮੌਕੇ ਅਜੈ ਕੁਮਾਰ ਬੌਬੀ, ਮਦਨ ਲਾਲ ਭੱਟਾ, ਅਜੈ ਸਿੰਗਲਾ, ਲਵਲੀ ਮੌੜ, ਨਰੇਸ਼ ਮੌੜ, ਲੱਕੀ ਭੈਣੀ ਵਾਲਾ, ਰਾਧਾ ਰਾਮ ਮਿੱਤਲ, ਕਾਲਾ ਰਾਮ ਆਦਿ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਪ੍ਰਭੂ ਪ੍ਰੇਮੀ ਹਾਜ਼ਰ ਸਨ।

ਤੁਸ਼ਾਰ ਜਿੰਦਲ ਦੀ ਦਿੱਲੀ ਯੂਨੀਵਰਸਿਟੀ ਦੇ ਕਾਲਜ 'ਚ ਬੀ.ਕਾਮ (ਆਨਰਜ਼) ਲਈ ਚੋਣ

ਧੂਰੀ (ਸੁਖਦੇਵ ਧੂਰੀ)- ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਧੂਰੀ ਪਿੰਡ (ਸੰਗਰੂਰ) ਦੇ ਇੰਚਾਰਜ ਪ੍ਰਿੰਸੀਪਲ ਰਮਨਦੀਪ ਕੌਰ ਦੀ ਅਗਵਾਈ 'ਚ ਸਕੂਲ ਦੇ ਬਾਰ੍ਹਵੀਂ ਦੇ ਕਾਮਰਸ ਵਿਸ਼ੇ ਦੇ ਹੋਣਹਾਰ ਵਿਦਿਆਰਥੀ ਤੁਸ਼ਾਰ ਜਿੰਦਲ ਨੂੰ ਸੀ.ਯੂ.ਈ.ਟੀ. 2023 ਪਾਸ ਕਰਕੇ ਬੀ.ਕਾਮ. (ਆਨਰਜ਼) 'ਚ ਦਿੱਲੀ ਯੂਨੀਵਰਸਿਟੀ ਦੇ ਕਰੋੜੀ ਮੱਲ ਕਾਲਜ 'ਚ ਦਾਖਲਾ ਮਿਲਣ 'ਤੇ ਪ੍ਰਿੰਸੀਪਲ ਅਤੇ ਸਮੂਹ ਸਟਾਫ ਵੱਲੋਂ ਸਨਮਾਨਤ ਕੀਤਾ ਗਿਆ। ਇਸ ਮੌਕੇ ਸਰਬਜੀਤ ਸਿੰਘ ਲੈਕਚਰਾਰ ਪੰਜਾਬੀ, ਰਮਨਦੀਪ ਕੌਰ ਲੈਕਚਰਾਰ ਕਾਮਰਸ, ਵਿਜੈ ਸਿੰਗਲਾ ਲੈਕਚਰਾਰ ਕਾਮਰਸ, ਮਹਿੰਦਰ ਕੁਮਾਰ ਕੰਪਿਊਟਰ ਫੈਕਲਟੀ ਤੇ ਸਕੂਲ ਦਾ ਪੂਰਾ ਸਟਾਫ ਅਤੇ ਵਿਦਿਆਰਥੀ ਦੇ ਮਾਪੇ ਹਾਜ਼ਰ ਸਨ ।

COURT NOTICE

In the Court of
Amit Malhan Civil Judge (Senior Division), Amritsar.
CNR No. PBAS02-003161-2023
Next Date : 13.9.2023
Amarjit Singh Madan
Versus
General Public
Suit for Declaration and for Mandatory Injunction
Publication issued to : General Public

In above titled case, the defendant (s)/respondent (s) could not be served. It is ordered that defendant (s)/respondent (s) should appear in person or through counsel on 13.9.2023 at 10.00 a.m.

For details logon to https://highcourtchd.gov.in/?trs=district notice & district=Amritsar

Civil Judge (Senior Division), Amritsar
Dated, this day of 3.8.2023

ਪਬਲਿਕ ਨੋਟਿਸ

ਬਾ-ਅਦਾਲਤ ਸ੍ਰੀ ਵਿਸ਼ਾਲ ਵਰਮਾ ਸਬ-ਰਜਿਸਟਰਾਰ, ਸੁਲਤਾਨਪੁਰ ਲੋਧੀ, ਜ਼ਿਲ੍ਹਾ ਕਪੂਰਥਲਾ

ਵਿਸ਼ਾ : ਗੈਰ ਮੁਸਦਕਾ ਵਸੀਅਤ ਰਜਿਸਟਰਡ ਕਰਨ ਬਾਰੇ

ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਪਿੰਦਰਜੀਤ ਸਿੰਘ ਪੁੱਤਰ ਸਰਵਨ ਸਿੰਘ ਪੁੱਤਰ ਅਮਰ ਸਿੰਘ ਵਾਸੀ ਪਿੰਡ ਝੰਡੂਵਾਲਾ ਕੰਬੋਆ, ਤਹਿਸੀਲ ਸੁਲਤਾਨਪੁਰ ਲੋਧੀ, ਜ਼ਿਲ੍ਹਾ ਕਪੂਰਥਲਾ ਨੇ ਇੱਕ ਦਰਖਾਸਤ ਮਿਤੀ 02.08.2023 ਨੂੰ ਗੈਰ ਮੁਸਦਕਾ ਵਸੀਅਤ ਰਜਿਸਟਰਡ ਕਰਵਾਉਣ ਬਾਬਤ ਦਿੱਤੀ ਹੈ ਕਿ ਉਸ ਦੇ ਪਿਤਾ ਸਰਵਨ ਸਿੰਘ ਪੁੱਤਰ ਅਮਰ ਸਿੰਘ ਮੁਤਬੰਨਾ ਪੁੱਤਰ ਵੀਰ ਸਿੰਘ ਵਾਸੀ ਪਿੰਡ ਝੰਡੂਵਾਲਾ ਕੰਬੋਆ, ਤਹਿਸੀਲ ਸੁਲਤਾਨਪੁਰ ਲੋਧੀ, ਜ਼ਿਲ੍ਹਾ ਕਪੂਰਥਲਾ ਨੇ ਆਪਣੀ ਜਾਇਦਾਦ ਮਨਕੂਲਾ ਵਾ ਗੈਰ ਮਨਕੂਲਾ ਦੀ ਵਸੀਅਤ ਗੈਰ ਮੁਸਦਕਾ ਮਿਤੀ 05.02.2010 ਨੂੰ ਆਪਣੇ ਪੁੱਤਰਾਨ ਕਸ਼ਮੀਰ ਸਿੰਘ, ਪਿੰਦਰਜੀਤ ਪੁੱਤਰਾਨ ਸਰਵਨ ਸਿੰਘ ਪੁੱਤਰ ਅਮਰ ਸਿੰਘ ਵਾ ਸੁਚਿਆਰ ਕੌਰ ਪਤਨੀ ਸਰਵਨ ਸਿੰਘ ਪੁੱਤਰ ਅਮਰ ਸਿੰਘ ਵਾਸੀਆਨ ਪਿੰਡ ਝੰਡੂਵਾਲਾ ਕੰਬੋਆ, ਤਹਿਸੀਲ ਸੁਲਤਾਨਪੁਰ ਲੋਧੀ, ਜ਼ਿਲ੍ਹਾ ਕਪੂਰਥਲਾ ਦੇ ਹੱਕ ਵਿੱਚ ਕੀਤੀ ਸੀ, ਪੇਸ਼ ਕੀਤੀ ਹੈ ਕਿ ਸਰਵਨ ਸਿੰਘ ਪੁੱਤਰ ਅਮਰ ਸਿੰਘ ਮੁਤਬੰਨਾ ਪੁੱਤਰ ਵੀਰ ਸਿੰਘ ਵਾਸੀ ਪਿੰਡ ਝੰਡੂਵਾਲਾ ਕੰਬੋਆ, ਤਹਿਸੀਲ ਸੁਲਤਾਨਪੁਰ ਲੋਧੀ, ਜ਼ਿਲ੍ਹਾ ਕਪੂਰਥਲਾ ਦੀ ਮੌਤ ਮਿਤੀ 09.10.2010 ਨੂੰ ਹੋ ਚੁੱਕੀ ਹੈ। ਇਹ ਵਸੀਅਤ ਜੋਰ ਧਾਰਾ 40/41 ਅਧੀਨ ਰਜਿਸਟਰਡ ਕੀਤੀ ਜਾਣੀ ਹੈ । ਇਹ ਵਸੀਅਤ ਰਜਿਸਟਰਡ ਕਰਨ ਵਿੱਚ ਜੇ ਕਿਸੇ ਨੂੰ ਕੋਈ ਇਤਰਾਜ਼ ਹੈ ਤਾਂ ਉਹ ਆਪਣਾ ਇਤਰਾਜ਼ ਅਸਾਲਤਨ ਜਾਂ ਵਕਾਲਤਨ ਮੇਰੀ ਅਦਾਲਤ ਵਿੱਚ ਇਸ਼ਤਿਹਾਰ ਦੇ ਜਾਰੀ ਹੋਣ ਤੋਂ 15 ਦਿਨਾਂ ਦੇ ਅੰਦਰ-ਅੰਦਰ ਕਰ ਸਕਦਾ ਹੈ। ਬਾਅਦ ਗੁਜ਼ਰਨੇ ਮਿਆਦ ਹਸਬ ਜ਼ਾਬਤਾ ਕਾਰਵਾਈ ਅਮਲ ਲਿਆਂਦੀ ਜਾਵੇਗੀ।

ਇਹ ਇਸ਼ਤਿਹਾਰ ਅੱਜ ਮਿਤੀ 02.08.2023 ਨੂੰ ਮੇਰੇ ਦਸਤਖਤਾਂ ਅਤੇ ਮੋਹਰ ਅਦਾਲਤ ਅਧੀਨ ਜਾਰੀ ਕੀਤਾ ਗਿਆ ਹੈ।

ਸਬ ਰਜਿਸਟਰਾਰ, ਸੁਲਤਾਨਪੁਰ ਲੋਧੀ
ਨੰਬਰ 81/ਆਰ ਸੀ ਮਿਤੀ 3/8/2023

COURT NOTICE

In the Court of
Ms. Aman Sharma Civil Judge (Senior Division), Pathankot.
CNR No. PBPO02-000504-2023
Next Date : 1.9.2023
Shivani Harchand
Versus
General Public
Publication issued to : General Public, General Public

In above titled case, the defendant (s)/respondent (s) could not be served. It is ordered that defendant (s)/respondent (s) should appear in person or through counsel on 1.9.2023 at 10.00 a.m.

For details logon to https://highcourtchd.gov.in/?trs=district notice & district=Pathankot

Civil Judge (Senior Division), Pathankot.
Dated, this day of 3.8.2023

COURT NOTICE

In the Court of
Ms. Sucheta Ashish Dev Civil Judge (Senior Division), Barnala.
CNR No. PBBR02-001066-2022
Next Date : 9.10.2023
Rakesh Kumar
Versus
Parvesh Kumar
Publication issued to : Subh Lata F/o Ramesh Kumar Now W/o Rajesh Kumar R/o Near Railway Phatak, Ward No. 11, Mansa, Tehsil and Distt. Mansa.

In above titled case, the defendant (s)/respondent (s) could not be served. It is ordered that defendant (s)/respondent (s) should appear in person or through counsel on 9.10.2023 at 10.00 a.m.

For details logon to https://highcourtchd.gov.in/?trs=district notice & district=Barnala

Civil Judge (Senior Division), Barnala.
Dated, this day of 4.8.2023

ਕਲਾਸੀਫਾਈਡ ਇਸ਼ਤਿਹਾਰ

Public Notice

I Sukhjinder Singh S/o Balbir Singh R/o Village Fattowal, Teh.Sultanpur Lodhi, Distt. kapurthala, That on my son's Aadhar card his name hes spelled as Angitpal Singh Thind but on his birth certificate his name hes spelled as Angitpal Singh . That Angitpal Singh and Angitpal Singh Thind are the same person of both names.

I, Mohinder Kaur W/o Sh. Hargobind Singh R/o Vill. Haripur PO Chagran, Tehsil & Distt. Hoshiarpur Punjab declares that my Son Rajinder Singh is out of my control. I so disown all of him from our Moveable and Immoveable Properties anybody dealing with them his/ her own risk Concerned Note.

I, Shivraj Singh S/o Ravinder Singh R/o 207-B, Surya Enclave, Jalandhar declare that my mother Amarjot Kaur had sale deed no. 3131 dated: 29/06/2011. My mother transferred her property on my name. That I lost that original copy of sale deed. Now, I have certified copy of that sale deed with me and I want to register an F.I.R with this regard. that I lost Papers of H.No.207-B, Surya Enclave, Jalandhar. Which Were on my name and on my mother's name. It includes allotment letter, receipts, transfer letter and other papers of improvement trust i.e. complete file.

Debar Notice

I, Jarnail Chand S/o Gian Chand R/o Vill. Barnala, P.O/Tehsil/Distt. Gurdaspur, my son Raj Kumar and his wife Rachna Kumari are out of my control. So I disinherit them from my moveable and immoveable property. I shall not be responsible. (R)

ਬੋਲੀ ਦੀ ਸੂਚਨਾ

ਹਰ ਆਮ ਅਤੇ ਖਾਸ ਨੂੰ ਇਸ ਇਸ਼ਤਿਹਾਰ ਰਾਹੀਂ ਸੂਚਿਤ ਕੀਤਾ ਜਾਂਦਾ ਹੈ ਕਿ ਗ੍ਰਾਮ ਪੰਚਾਇਤ ਘੁੜਿਆਲ ਵੱਲੋਂ ਬੱਸ ਸਟੈਂਡ ਚੜ੍ਹਦੀ ਪੱਤੀ ਤੇ 3 ਦੁਕਾਨਾਂ ਦੀ ਬੋਲੀ ਮਿਤੀ 10 ਅਗਸਤ 2023 ਨੂੰ, ਸਮਾਂ ਬਾਅਦ ਦੁਪਹਿਰ 3 ਵਜੇ ਸਥਾਨ ਬੱਸ ਸਟੈਂਡ, ਚੜ੍ਹਦੀ ਪੱਤੀ ਘੁੜਿਆਲ, ਜਲੰਧਰ ਵਿਖੇ ਕੀਤੀ ਜਾਣੀ ਹੈ, ਚਾਹਵਾਨ ਵਿਅਕਤੀ ਬੋਲੀ ਦੇ ਸਕਦੇ ਹਨ। ਬੋਲੀ ਦੀਆਂ ਸ਼ਰਤਾਂ ਅਤੇ ਨਿਯਮ ਬੋਲੀ ਤੋਂ ਪਹਿਲਾਂ ਦੱਸੀਆਂ ਜਾਣਗੀਆਂ।

ਸੰਪਰਕ : 81461-34774, ਜਾਰੀ ਕਰਤਾ : ਸਰਪੰਚ ਗ੍ਰਾਮ ਪੰਚਾਇਤ ਘੁੜਿਆਲ

COURT NOTICE

(U/S 82 CRPC)
In the Court of
Ms. Anuradha Sub Divisional Judicial Magistrate, Nabha.
CNR No. PBPTBI-001021-2019
Next Date : 25.8.2023
Awaiting Appearance of Accused for 27.9.2023
Sarthi Kaushik
Versus
Gurjinder Kaur
Publication issued to : Gurjinder Kaur D/o Balwinder Singh R/o Vill. Chambal, P.S. Sarhali, Tehsil and Distt. Tarn Taran.

In above titled case, the accused could not be served. It is ordered that accused should appear in person or through counsel on 25.8.2023 at 10.00 a.m.

For details logon to https://highcourtchd.gov.in/?trs=district notice&district=Patiala

Sub Divisional Judicial Magistrate, Nabha.
Dated, this day of 4.8.2023

COURT NOTICE

Proclamation Requiring the Appearance of a person Accued
In the Court of
Ramanpreet Kaur Judicial Magistrate First Class, Amritsar.
CNR No. PBAS03-008235-2019
Next Date : 29.9.2023
Manish Kumar
Versus
Neeraj Kumar
Publication issued to :

Whereas complaint/case has been made before me that Neeraj Kumar S/o Roshan Lal C/o Roshan Lal Tea Stall, Opp. Thana Zira, District Ferozepur has committed (or is suspected to have committed) the offence punishable under section of and it has been returned to a warrant of arrest thereupon issued that the said Neeraj Kumar cannot be found and whereas it has been shown to my satisfaction that the said Neeraj Kumar has absconded (or is concealing himself/herself to avoid the service of the said warrant)

Proclamation is hereby made that the said Neeraj Kumar is required to appear before this Court (or before me) on 29.9.2023 to answer the said complaint/case.

For details logon to https://highcourtchd.gov.in/?trs=district_ notice & district=Amritsar.

Judicial Magistrate First Class, Amritsar
Dated, this day of 3.8.2023

ਬੇਦਖਲੀ ਨੋਟਿਸ

ਮੈ ਹਰਦੇਵ ਸਿੰਘ ਪੁੱਤਰ ਲਖਬੀਰ ਸਿੰਘ ਵਾਸੀ ਧੱਤਲ ਤਹਿਸੀਲ ਪੱਟੀ ਜਿਲ੍ਹਾ ਤਰਨਤਾਰਨ ਦਾ ਰਹਿਣ ਵਾਲਾ ਹਾਂ । ਮੇਰਾ ਪੁੱਤਰ ਲਖਵਿੰਦਰ ਸਿੰਘ ਤੇ ਇਸਦੀ ਪਤਨੀ ਸੁਖਵਿੰਦਰ ਕੌਰ ਇਹਨਾਂ ਦੇ ਬੱਚੇ ਹਰਨੂਰ ਕੌਰ, ਅਨੁਰੀਤ ਕੌਰ ਤੇ ਹਰਜੋਤ ਸਿੰਘ ਮੇਰੇ ਕਹਿਣੇ ਤੋਂ ਬਾਹਰ ਹਨ । ਮੈ ਆਪਣੇ ਪੁੱਤਰ ਨੂੰਹ ਪੋਤਰੀਆ ਤੇ ਪੋਤਰੇ ਪੰਜਾ ਨੂੰ ਆਪਣੀ ਚੱਲ ਤੇ ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ । ਇਹਨਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜੁੰਮੇਵਾਰ ਹੋਵੇਗਾ । (ਬਲਦੇਵ)

ਮੈਂ ਕਸਮੀਰ ਕੌਰ ਪਤਨੀ ਪਰਲਾਦ ਸਿੰਘ ਵਾਸੀ ਪਿੰਡ ਬੱਲੋਵਾਲ ਤਹਿਸੀਲ ਬੰਗਾ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਬਿਆਨ ਕਰਦੀ ਹਾਂ ਕਿ ਅਮ੍ਰਿਪਾਲ ਪੁੱਤਰ ਜਸਵਿੰਦਰ ਸਿੰਘ ਮੇਰਾ ਪੋਤਾ ਲਗਦਾ ਹੈ। ਪਰ ਉਹ ਨਸੇ ਦਾ ਆਦੀ ਹੈ । ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਕਰਕੇ ਮੈਂ ਆਪਣੇ ਪੋਤੇ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰ ਦਿੱਤਾ ਹੈ । ਉਸ ਨਾਲ ਕੋਈ ਵੀ ਵਿਅਕਤੀ ਕਿਸੇ ਵੀ ਤਰਾਂ ਦਾ ਲੈਣ- ਦੇਣ ਕਰਦਾ ਹੈ, ਉਹ ਆਪਣੇ ਨਫੇ- ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸਬੰਧਤ ਨੋਟ ਕਰਨ । (Kataria)

ਮੈਂ ਧਿਆਨ ਚੰਦ ਪੁੱਤਰ ਕਰਤਾਰ ਸਿੰਘ ਵਾਸੀ ਬਨਵਾਲਾ ਤਹਿਸੀਲ ਪਾਤੜਾਂ (ਪਟਿਆਲ

5-AUG-PAGE-7.qxd 8/4/2023 9:28 PM Page 1

ਅਕਾਲੀ ਸਰਕਾਰਾਂ ਵੇਲੇ ਦੇ ਲੋਕ ਭਲਾਈ ਕੰਮ ਅਜੇ ਵੀ ਲੋਕਾਂ ਦੇ ਦਿਲਾਂ 'ਤੇ ਉੱਕਰੇ ਹੋਏ ਹਨ : ਢਿੱਲੋਂ

ਸਮਰਾਲਾ (ਸੁਰਜੀਤ ਸਿੰਘ)-ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਸਕੱਤਰ ਪਰਮਜੀਤ ਸਿੰਘ ਢਿੱਲੋਂ ਨੇ ਪਾਰਟੀ ਪ੍ਰਧਾਨ ਸ੍ਰ. ਸੁਖਬੀਰ ਸਿੰਘ ਬਾਦਲ ਦੇ ਨਿਰਦੇਸ਼ਾਂ 'ਤੇ ਪਾਰਟੀ ਦੀਆਂ ਨੀਤੀਆਂ ਨੂੰ ਪਿੰਡ-ਪਿੰਡ ਪੁੱਜਦਾ ਕਰਨ ਲਈ 'ਹਰ ਸੱਥ ਵਿੱਚ, ਸ਼੍ਰੋਮਣੀ ਅਕਾਲੀ ਦਲ' ਮੁਹਿੰਮ ਦੀ ਸ਼ੁਰੂਆਤ ਪਿੰਡਾਂ ਦੀਆਂ ਸੱਥਾਂ ਤੋਂ ਲੋਕਾਂ ਨਾਲ ਮਿਲਣੀ ਕਰਕੇ ਸ਼ੁਰੂ ਕੀਤੀ ਹੈ। ਅੱਜ ਨੇੜਲੇ ਪਿੰਡ ਦਿਆਲਪੁਰਾ 'ਚ ਪਿੰਡ ਵਾਸੀਆਂ ਨੂੰ ਸੰਬੋਧਨ ਕਰਦਿਆਂ ਪਰਮਜੀਤ ਸਿੰਘ ਢਿੱਲੋਂ ਨੇ ਕਿਹਾ ਕਿ ਮੌਜੂਦਾ ਆਪ ਸਰਕਾਰ ਦੀ ਪਿਛਲੇ ਇਕ ਸਾਲ ਦੀ ਕਾਰਗੁਜ਼ਾਰੀ ਦਾ ਰਿਪੋਰਟ ਕਾਰਡ ਤਕਰੀਬਨ ਸਾਰੇ ਹੀ ਲੋਕ ਬਾਖੂਬੀ ਵੇਖ ਚੁੱਕੇ ਹਨ। ਜਦੋਂ ਦਾ ਮੁੱਖ ਮੰਤਰੀ ਭਗਵੰਤ ਮਾਨ ਨੇ ਆਪਣਾ ਅਹੁਦਾ ਸੰਭਾਲਿਆ ਹੈ, ਉਦੋਂ ਦਾ ਹੀ ਮੁੱਖ ਮੰਤਰੀ ਦਾ ਧਿਆਨ ਪੰਜਾਬ ਦੇ ਲੋਕ ਮੁੱਦਿਆਂ ਵੱਲ ਘੱਟ ਤੇ ਵਿਰੋਧੀ ਪਾਰਟੀਆਂ ਨਾਲ ਸਿਆਸੀ ਕਿੜਾਂ ਕੱਢਣ ਵੱਲ ਵੱਧ ਵਿਖਾਈ ਦੇ ਰਿਹਾ ਹੈ। ਉਹ ਅਸਲ ਮੁੱਦਿਆਂ ਦੀ ਜ਼ਮੀਨੀ ਹਕੀਕਤ ਤੋਂ ਕੋਹਾਂ ਦੂਰ ਹਨ। ਪੰਜਾਬ 'ਚ ਨਸ਼ਿਆਂ ਦੇ ਨਾਂ 'ਤੇ ਪਹਿਲਾਂ ਅਕਾਲੀ ਦਲ ਤੇ ਫਿਰ ਕਾਂਗਰਸ 'ਤੇ ਚਿੱਕੜ ਸੁੱਟਣ ਵਾਲੇ ਮੁੱਖ ਮੰਤਰੀ ਦੇ ਉਹ ਬਿਆਨ ਕਿੱਥੇ ਗਏ, ਜਿਨਾਂ 'ਚ ਉਹ ਸਿਰਫ ਤਿੰਨ ਮਹੀਨਿਆਂ 'ਚ ਨਸ਼ੇ ਦਾ ਲੱਕ ਤੋੜਨ ਦੇ ਦਮਗਜ਼ੇ ਮਾਰਦੇ ਸੀ। ਢਿੱਲੋਂ ਨੇ ਕਿਹਾ ਕਿ ਅੱਜ ਚਿੱਟਾ ਪੰਜਾਬ ਦੀ ਨੌਜਵਾਨੀ ਨੂੰ ਨਿਗਲਦਾ ਜਾ ਰਿਹਾ ਹੈ, ਹਰ ਸ਼ਹਿਰ ਤੇ ਪਿੰਡ ਵਿੱਚ ਕੋਈ ਵਿਰਲਾ ਹੀ ਘਰ ਇਸ ਦੀ ਮਾਰ ਤੋਂ ਬਚਿਆ ਹੋਵੇਗਾ, ਪਰ ਸਰਕਾਰ ਦੀ ਸਖਤੀ ਸਿਰਫ ਫੋਕੀਆਂ ਬਿਆਨਬਾਜ਼ੀਆਂ ਤੱਕ ਹੀ ਸੀਮਤ ਹੈ। ਢਿੱਲੋਂ ਨੇ ਕਿਹਾ ਕਿ ਪੰਜਾਬ ਦੇ ਪੰਜ ਵਾਰੀ ਮੁੱਖ ਮੰਤਰੀ ਬਣ ਚੁੱਕੇ ਸ੍ਰ. ਪਰਕਾਸ਼ ਸਿੰਘ ਬਾਦਲ ਨੇ ਆਪਣੇ ਕਾਰਜਕਾਲ ਵਿੱਚ ਹਰੇਕ ਵਰਗ ਦੀਆਂ ਸਹੂਲਤਾਂ ਦਾ ਇੰਨਾ ਧਿਆਨ ਰੱਖਿਆ ਸੀ ਕਿ ਉਨ੍ਹਾਂ ਦੇ ਲੋਕ ਭਲਾਈ ਦੇ ਕੀਤੇ ਹੋਏ ਕੰਮ ਅਜੇ ਵੀ ਲੋਕਾਂ ਦੇ ਦਿਲਾਂ 'ਤੇ ਉਕਰੇ ਹੋਏ ਹਨ। ਉਨ੍ਹਾ ਕਿਹਾ ਕਿ ਪੰਜਾਬ ਦੇ ਲੋਕ ਅੱਜ ਵੀ ਉਸ ਲੋਕ ਮਸੀਹੇ ਦੇ ਰਾਜ ਨੂੰ ਮੁੜ-ਮੁੜ ਚੇਤੇ ਕਰਦੇ ਹਨ। ਜਿੰਨੀਆਂ ਵੀ ਲੋਕ ਭਲਾਈ ਸਕੀਮਾਂ ਪੰਜਾਬ 'ਚ ਚੱਲ ਰਹੀਆਂ ਹਨ, ਇਹ ਸਭ ਅਕਾਲੀ ਦਲ ਦੀ ਹੀ ਦੇਣ ਹਨ। ਉਨ੍ਹਾ ਕਿਹਾ ਕਿ ਸੂਬੇ ਦੇ ਲੋਕਾਂ ਦਾ ਆਪ ਸਰਕਾਰ ਤੋਂ ਮੋਹ ਬਿਲਕੁਲ ਹੀ ਭੰਗ ਹੋ ਗਿਆ ਹੈ ਤੇ ਇਸ ਦਾ ਖਮਿਆਜ਼ਾ ਆਉਣ ਵਾਲੀਆਂ ਲੋਕ ਸਭਾ ਦੀਆਂ ਚੋਣਾਂ 'ਚ ਮੁੱਖ ਮੰਤਰੀ ਭਗਵੰਤ ਮਾਨ ਨੂੰ ਭੁਗਤਣਾ ਹੀ ਪਵੇਗਾ। ਇਸ ਮੌਕੇ ਜਸਮੇਲ ਸਿੰਘ ਬੌਂਦਲੀ, ਡਾ. ਪਰਵਿੰਦਰ ਸਿੰਘ ਬੱਲੀ, ਹਰਜਤਿੰਦਰ ਸਿੰਘ ਬਾਜਵਾ, ਹਰਦੀਪ ਸਿੰਘ ਬਹਿਲੋਲਪੁਰ, ਜਸਪਾਲ ਸਿੰਘ ਜੱਜ, ਅਮਰੀਕ ਸਿੰਘ ਹੇੜੀਆਂ, ਜੱਸਾ ਦਿਆਲਪੁਰਾ, ਲੱਖਾ ਦਿਆਲਪੁਰਾ, ਸੁਰਜੀਤ ਸਿੰਘ ਪੂਰਬਾ, ਸਰਬਜੀਤ ਸਿੰਘ ਢੰਡੇ, ਸੁਖਵਿੰਦਰ ਸਿੰਘ ਢਿੱਲੋਂ, ਚਰਨਜੀਤ ਸਿੰਘ ਲੱਖੋਵਾਲ, ਅੰਮ੍ਰਿਤਪਾਲ ਸਿੰਘ ਗੁਰੋਂ, ਮਲਕੀਤ ਸਿੰਘ ਭੰਗਲਾਂ, ਬਹਾਦਰ ਸਿੰਘ, ਸੰਦੀਪ ਸਿੰਘ ਤੇ ਸੁਰਮੁੱਖ ਸਿੰਘ ਆਦਿ ਤੋਂ ਇਲਾਵਾ ਵੱਡੀ ਗਿਣਤੀ 'ਚ ਪਿੰਡ ਵਾਸੀ ਹਾਜ਼ਰ ਸਨ।

ਕਿਰਚ ਦੀ ਨੋਕ 'ਤੇ ਖੋਹ ਕਰਨ ਵਾਲੇ ਦੋ ਕਾਬੂ

ਖੋਹ ਦੇ ਮਾਮਲੇ 'ਚ ਫੜੇ ਗਏ ਵਿਅਕਤੀ ਪੁਲਸ ਪਾਰਟੀ ਨਾਲ।

ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)-ਕਿਰਚ ਦੀ ਨੋਕ ਉੱਤੇ ਅਗਵਾ ਕਰਨ ਮਗਰੋਂ ਇੱਕ ਨੌਜਵਾਨ ਦੀ ਕੁੱਟਮਾਰ ਕਰਕੇ ਪੈਸੇ ਖੋਹਣ ਦੀ ਵਾਪਰੀ ਘਟਨਾ ਦੇ ਮਾਮਲੇ 'ਚ ਪਾਤੜਾਂ ਪੁਲਸ ਨੇ ਪੰਜ ਵਿਅਕਤੀਆਂ ਨੂੰ ਨਾਮਜ਼ਦ ਕੀਤਾ ਹੈ। ਪੁਲਸ ਨੇ ਤੇਜ਼ੀ ਨਾਲ ਕਾਰਵਾਈ ਕਰਦਿਆਂ ਦੋ ਵਿਅਕਤੀਆਂ ਨੂੰ ਕਾਬੂ ਕਰਨ 'ਚ ਸਫਲਤਾ ਹਾਸਲ ਕੀਤੀ ਹੈ। ਫੜੇ ਗਏ ਵਿਅਕਤੀਆਂ ਨੂੰ ਅਦਾਲਤ 'ਚ ਪੇਸ਼ ਕਰਕੇ ਰਿਮਾਂਡ ਹਾਸਲ ਕੀਤਾ ਗਿਆ ਹੈ। ਜਾਣਕਾਰੀ ਦਿੰਦਿਆਂ ਥਾਣਾ ਮੁਖੀ ਪਾਤੜਾਂ ਹਰਮਨਪ੍ਰੀਤ ਸਿੰਘ ਚੀਮਾ ਨੇ ਦੱਸਿਆ ਕਿ ਬੀਤੇ ਸੋਮਵਾਰ ਨੂੰ ਪਿੰਡ ਜੋਗੇਵਾਲਾ ਵਾਸੀ ਰਣਜੀਤ ਸਿੰਘ ਨੇ ਪੁਲਸ ਨੂੰ ਦੱਸਿਆ ਕਿ ਉਹ ਆਪਣੀ ਪਤਨੀ ਨੂੰ ਦਵਾਈ ਦਿਵਾਉਣ ਲਈ ਪਾਤੜਾਂ ਆਇਆ ਹੋਇਆ ਸੀ ਕਿ ਅਨਾਜ ਮੰਡੀ ਦੇ ਪੰਜ ਕਿੱਲਿਆਂ ਵਾਲੇ ਫੜਾਂ ਕੋਲ ਉਸ ਦੀ ਕਾਰ ਖਰਾਬ ਹੋ ਗਈ। ਇਸ ਦੌਰਾਨ ਪੰਜ ਵਿਅਕਤੀਆਂ ਗੁਰਪ੍ਰੀਤ ਸਿੰਘ, ਭਲਵਾਨ, ਹਰਮੀਤ ਸਿੰਘ, ਮੋਸੀ ਤੇ ਰਜਵੰਤ ਸਿੰਘ ਉਰਫ ਮੁਹੱਬਤ ਉਸ ਨੂੰ ਅਗਵਾ ਕਰਕੇ ਪਿੰਡ ਜਿਉਣਪੁਰਾ ਦੇ ਨਜ਼ਦੀਕ ਚੰਬੇ ਵਾਲੀ ਚੋਅ ਦੇ ਪੁਲ ਉੱਤੇ ਲੈ ਗਏ, ਜਿੱਥੇ ਉਨ੍ਹਾਂ ਉਸ ਦੀ ਕੁੱਟਮਾਰ ਕਰਨ ਦੇ ਨਾਲ ਨਾਲ ਕਿਰਚ ਦੀ ਨੋਕ 'ਤੇ ਉਸ ਕੋਲੋਂ 7300/- ਖੋਹ ਲਏ। ਉਨ੍ਹਾ ਦੱਸਿਆ ਕਿ ਮਾਮਲੇ ਸਬੰਧੀ ਰਣਜੀਤ ਸਿੰਘ ਦੇ ਬਿਆਨਾਂ ਦੇ ਅਧਾਰ 'ਤੇ ਪੁਲਸ ਨੇ ਪੰਜਾਂ ਵਿਅਕਤੀਆਂ ਖਿਲਾਫ ਕੇਸ ਦਰਜ ਕੀਤਾ ਸੀ, ਜਿਸ 'ਤੇ ਕਾਰਵਾਈ ਕਰਦਿਆਂ ਹਰਮੀਤ ਸਿੰਘ ਵਾਸੀ ਹਾਮਝੇੜੀ ਤੇ ਰਜਵੰਤ ਸਿੰਘ ਉਰਫ ਮੁਹੱਬਤ ਵਾਸੀ ਹਰਿਆਊ ਖੁਰਦ ਨੂੰ ਕਾਬੂ ਕਰਕੇ ਅਦਾਲਤ 'ਚ ਪੇਸ਼ ਕੀਤਾ ਗਿਆ ਹੈ। ਉਨ੍ਹਾਂ ਦਾਅਵਾ ਕੀਤਾ ਕਿ ਜਲਦੀ ਬਾਕੀ ਦੋਸ਼ੀਆਂ ਨੂੰ ਵੀ ਕਾਬੂ ਕਰ ਲਿਆ ਜਾਵੇਗਾ।

ਮਾਨ ਸਰਕਾਰ ਵੀ ਪਿਛਲੀਆਂ ਸਰਕਾਰਾਂ ਵਾਂਗ ਲੋਕ ਵਿਰੋਧੀ ਸਾਬਿਤ ਹੋਈ : ਸਮਾਓਂ

■ ਹਰਪ੍ਰੀਤ ਸਿੰਘ ਮਜ਼ਦੂਰ ਮੁਕਤੀ ਮੋਰਚਾ ਪੰਜਾਬ ਦੇ ਸ਼ਹਿਰੀ ਪ੍ਰਧਾਨ ਬਣੇ

ਮਾਨਸਾ (ਆਤਮਾ ਸਿੰਘ ਪਮਾਰ)

ਲੁੱਟ ਤੇ ਜਬਰ ਦੇ ਟਾਕਰੇ ਲਈ ਦਲਿਤਾਂ ਤੇ ਕਿਰਤੀਆਂ ਦੀ ਸਮਾਜਿਕ ਏਕਤਾ ਜ਼ਰੂਰੀ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਇਥੇ ਮਜ਼ਦੂਰ ਮੁਕਤੀ ਮੋਰਚਾ ਪੰਜਾਬ ਦੇ ਸ਼ਹਿਰੀ ਆਗੂਆਂ ਦੇ ਅਜਲਾਸ ਨੂੰ ਸੰਬੋਧਨ ਕਰਦੇ ਹੋਏ ਸੂਬਾ ਪ੍ਰਧਾਨ ਭਗਵੰਤ ਸਿੰਘ ਸਮਾਓਂ ਨੇ ਕੀਤਾ। ਇਸ ਮੌਕੇ ਮੁਕਤੀ ਮੋਰਚਾ ਦੀ 15 ਮੈਂਬਰੀ ਸ਼ਹਿਰੀ ਕਮੇਟੀ ਦੀ ਚੋਣ ਕੀਤੀ, ਜਿਸ ਵਿੱਚ ਮਿਸਤਰੀ ਹਰਪ੍ਰੀਤ ਸਿੰਘ ਨੂੰ ਪ੍ਰਧਾਨ ਤੇ ਬਿੱਕਰ ਸਿੰਘ ਦੀ ਸਕੱਤਰ ਵਜੋਂ ਚੋਣ ਹੋਈ। ਇਸ ਸਮੇਂ ਸੂਬਾ ਪ੍ਰਧਾਨ ਭਗਵੰਤ ਸਮਾਓਂ ਨੇ ਕਿਹਾ ਕਿ ਪੰਜਾਬ ਦੀ ਮਾਨ ਸਰਕਾਰ ਵੀ ਪਿਛਲੀਆਂ ਸਰਕਾਰਾਂ ਦੀ ਤਰ੍ਹਾਂ ਲੋਕ ਵਿਰੋਧੀ ਹੀ ਸਾਬਿਤ ਹੋਈ ਹੈ।

ਉਨ੍ਹਾ ਕਿਹਾ ਕਿ ਵਜ਼ੀਫਾ ਜਾਰੀ ਨਾ ਹੋਣ ਕਰਕੇ ਐੱਸ ਸੀ ਵਿਦਿਆਰਥੀਆਂ ਦੀਆਂ ਡਿਗਰੀਆਂ ਨਹੀਂ ਮਿਲ ਰਹੀਆਂ ਤੇ ਵਿਦਿਆਰਥੀਆਂ ਨੂੰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਨ੍ਹਾਂ ਕਿਹਾ ਕਿ ਹੜ੍ਹਾਂ ਤੇ ਮੀਂਹ ਦੇ ਕਾਰਨ ਮੁਸੀਬਤਾਂ ਵਿੱਚ ਘਿਰੇ ਬੇਜ਼ਮੀਨੇ ਮਜ਼ਦੂਰਾਂ, ਗਰੀਬ ਕਿਸਾਨਾਂ ਨੂੰ ਮੁਆਵਜ਼ੇ ਬਾਰੇ ਸਰਕਾਰ ਨੇ ਅਜੇ ਤੱਕ ਕੋਈ ਯੋਜਨਾ ਨਹੀਂ ਬਣਾਈ। ਉਨ੍ਹਾਂ ਕਿਹਾ ਕਿ ਵੀ ਆਈ ਪੀ ਕਲਚਰ ਖਤਮ ਕਰਨ ਦੀ ਗੱਲ ਕਰਨ ਵਾਲੇ ਮੁੱਖ ਮੰਤਰੀ ਮਾਨ ਨੇ ਆਪਣੀ ਫੋਕੀ ਸ਼ੋਹਰਤ ਚਮਕਾਉਣ 'ਤੇ ਸਰਕਾਰੀ ਖਜ਼ਾਨੇ ਦੇ ਅਰਬਾਂ ਰੁਪਏ ਫੂਕ ਦਿੱਤੇ ਹਨ। ਸਰਕਾਰ ਦੇ ਮੁੱਹਲਾ ਕਲੀਨਿਕਾਂ ਦੀ ਤਾਂ ਪਹਿਲਾਂ ਹੀ ਫੂਕ ਨਿਕਲ ਚੁੱਕੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਅੰਦਰ ਦਲਿਤਾਂ, ਗਰੀਬਾਂ ਉੱਪਰ ਨਿੱਤ ਦਿਨ ਅੱਤਿਆਚਾਰ ਹੋ ਰਹੇ ਹਨ, ਪ੍ਰੰਤੂ ਪੀੜਤ ਦਲਿਤਾਂ ਨੂੰ ਇਨਸਾਫ ਦੇਣਾ ਤਾਂ ਦੂਰ ਦੀ ਗੱਲ, ਮੁੱਖ ਮੰਤਰੀ ਮਾਨ ਐੱਸ ਸੀ, ਐੱਸ ਟੀ ਕਮਿਸ਼ਨ ਨੂੰ ਹੀ ਖਤਮ ਕਰਨ ਦੇ ਰਾਹ ਤੁਰ ਪਏ ਹਨ। ਉਨ੍ਹਾਂ ਕਿਹਾ ਕਿ 2024 ਦੀਆਂ ਲੋਕ ਸਭਾ ਚੋਣਾਂ 'ਚ ਮੋਦੀ ਸਰਕਾਰ ਦੀਆਂ ਗਲਤ ਨੀਤੀਆਂ ਤੋਂ ਧਿਆਨ ਹਟਾਉਣ ਲਈ ਆਰ ਐੱਸ ਐੱਸ ਦੇਸ਼ ਵਿੱਚ ਫਿਰਕੂ ਦੰਗੇ ਕਰਵਾ ਰਹੀ ਹੈ। ਇਸ ਲਈ ਪੰਜਾਬ ਦੇ ਦਲਿਤਾਂ ਤੇ ਕਿਰਤੀਆਂ ਨੂੰ ਜਥੇਬੰਦ ਹੋਣ ਤੋਂ ਇਲਾਵਾ ਉਕਤ ਚਾਲਾਂ ਤੋਂ ਸੁਚੇਤ ਰਹਿਣ ਦੀ ਵੀ ਜ਼ਰੂਰਤ ਹੈ। ਇਸ ਮੌਕੇ ਜਰਨੈਲ ਸਿੰਘ ਮਾਨਸਾ, ਸੁਖਦੇਵ ਸਿੰਘ ਭੂੰਦੜ, ਕੁਲਦੀਪ ਸਿੰਘ ਕੋਟਲੀ, ਟਹਿਲਾਂ ਸਿੰਘ, ਲਾਲ ਸਿੰਘ, ਬਾਵਾ ਸਿੰਘ, ਸੁਖਵੀਰ ਸਿੰਘ ਖਾਲਸਾ, ਮੇਲਾ ਸਿੰਘ ਕੈਂਚੀਆਂ ਆਦਿ ਆਗੂ ਮੌਜੂਦ ਸਨ।

ਕਾਤਰਾਂ

ਹਰਪਾਲ ਸੋਨੂੰ ਨੂੰ ਸਪੋਕਸਪਰਸਨ ਦੀ ਜ਼ੁੰਮੇਵਾਰੀ ਸੌਂਪੀ

ਸੰਗਰੂਰ (ਪ੍ਰਵੀਨ ਸਿੰਘ)-ਸੰਗਰੂਰ ਵਿਖੇ ਕਾਂਗਰਸ ਪਾਰਟੀ ਵੱਲੋਂ ਨਵ-ਨਿਯੁਕਤ ਸਪੋਕਸਪਰਸਨ ਤੇ ਕਾਂਗਰਸ ਪਾਰਟੀ ਦੇ ਆਗੂ ਹਰਪਾਲ ਸਿੰਘ ਸੋਨੂੰ ਨੇ ਪ੍ਰੈੱਸ ਨੋਟ ਜਾਰੀ ਕਰਦਿਆਂ ਕਿਹਾ ਕਿ ਮੈਂ ਦਿਲ ਦੀਆਂ ਗਹਿਰਾਈਆਂ ਤੋਂ ਕਾਂਗਰਸ ਪਾਰਟੀ ਦੇ ਪੰਜਾਬ ਪ੍ਰਧਾਨ ਸ੍ਰ. ਅਮਰਿੰਦਰ ਸਿੰਘ ਰਾਜਾ ਵੜਿੰਗ, ਪੰਜਾਬ ਦੇ ਸਾਬਕਾ ਕੈਬਨਿਟ ਮੰਤਰੀ ਸ੍ਰੀ ਵਿਜੈ ਇੰਦਰ ਸਿੰਗਲਾ, ਜ਼ਿਲ੍ਹਾ ਕਾਂਗਰਸ ਪਾਰਟੀ ਦੇ ਪ੍ਰਧਾਨ ਸ੍ਰ. ਦਲਬੀਰ ਸਿੰਘ ਗੋਲਡੀ ਦਾ ਧੰਨਵਾਦ ਕਰਦਾ ਹਾਂ, ਜਿਨ੍ਹਾਂ ਨੇ ਮੇਰੇ ਵਰਗੇ ਆਮ ਘਰ ਨਾਲ ਸਬੰਧਤ ਪਾਰਟੀ ਦੇ ਨਿਮਾਣੇ ਜਿਹੇ ਵਰਕਰ ਨੂੰ ਜ਼ਿਲ੍ਹਾ ਕਾਂਗਰਸ ਕਮੇਟੀ ਸੰਗਰੂਰ ਦੇ ਸਪੋਕਸਪਰਸਨ ਦੀ ਜ਼ੁੰਮੇਵਾਰੀ ਸੌਂਪ ਕੇ ਵਿਸ਼ਵਾਸ ਪ੍ਰਗਟਾਇਆ ਹੈ। ਉਨ੍ਹਾ ਕਿਹਾ ਕਿ ਮੈਨੂੰ ਦਿੱਤੀ ਗਈ ਇਸ ਜ਼ੁੰਮੇਵਾਰੀ ਨੂੰ ਮੈਂ ਪੂਰੀ ਤਨਦੇਹੀ ਤੇ ਇਮਾਨਦਾਰੀ ਨਾਲ ਨਿਭਾਵਾਂਗਾ ਅਤੇ ਪਾਰਟੀ ਦੀ ਚੜ੍ਹਦੀਕਲਾ ਤੇ ਬਿਹਤਰੀ ਲਈ ਦਿਨ ਰਾਤ ਇੱਕ ਕਰਕੇ ਕੰਮ ਕਰਾਂਗਾ। ਜ਼ਿਕਰਯੋਗ ਹੈ ਕਿ ਹਰਪਾਲ ਸੋਨੂੰ ਕਾਂਗਰਸ ਪਾਰਟੀ ਦੇ ਓਬੀਸੀ ਵਿੰਗ ਸੰਗਰੂਰ ਦੇ ਬਲਾਕ ਪ੍ਰਧਾਨ ਵੀ ਹਨ।

ਖੂਨਦਾਨ ਕੈਂਪ ਅੱਜ

ਗੁਰੂ ਹਰਸਹਾਏ (ਮਨਦੀਪ ਸਿੰਘ ਸੋਢੀ)-ਰਾਮਗੜ੍ਹੀਆ ਅਕਾਲ ਜਥੇਬੰਦੀ ਦੇ ਸੂਬਾ ਵਾਈਸ ਚੇਅਰਮੈਨ ਬਲਵਿੰਦਰ ਸਿੰਘ ਕਲਸੀ, ਜਥੇਬੰਦੀ ਦੇ ਖੇਤਰੀ ਸਲਾਹਕਾਰ ਗੁਰਚਰਨ ਸਿੰਘ ਤੇ ਮੋਨੂੰ ਨਾਗੀ ਨੇ ਦੱਸਿਆ ਕਿ ਇਸੇ ਕੜੀ ਦੌਰਾਨ ਜਥੇਬੰਦੀ ਵੱਲੋਂ 5 ਅਗਸਤ ਨੂੰ ਗੁਰਦੁਆਰਾ ਵਿਸ਼ਵਕਰਮਾ ਵਿਖੇ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਦੇ ਜਨਮ ਦਿਹਾੜੇ ਨੂੰ ਸਮਰਪਤ ਖੂਨਦਾਨ ਕੈਂਪ ਲਗਾਇਆ ਜਾ ਰਿਹਾ ਹੈ। ਇਸ ਮੌਕੇ ਭਾਰੀ ਗਿਣਤੀ 'ਚ ਨੌਜਵਾਨਾਂ ਵੱਲੋਂ ਖੂਨ ਦਾਨ ਕੀਤਾ ਜਾਵੇਗਾ, ਨਾਲ ਹੀ ਜਥੇਬੰਦੀ ਵੱਲੋਂ ਖੂਨ ਦਾਨ ਕਰਨ ਵਾਲੇ ਨੌਜਵਾਨਾਂ ਦਾ ਸਨਮਾਨ ਵੀ ਕੀਤਾ ਜਾਵੇਗਾ।

ਪ੍ਰਾਇਮਰੀ ਸਕੂਲ ਬੱਡੂਵਾਲ ਦੇ ਪੰਜ ਅਧਿਆਪਕ ਹੋਏ ਪੱਕੇ

ਧਰਮਕੋਟ (ਗੁਰਦੀਪ ਸਿੰਘ ਭੁੱਲਰ)-ਸਰਕਾਰੀ ਪ੍ਰਾਇਮਰੀ ਸਕੂਲ ਬੱਡੂਵਾਲ ਬਲਾਕ ਧਰਮਕੋਟ-1 ਵਿਖੇ ਲੰਮੇ ਸਮੇਂ ਤੋਂ ਨਿਗੂਣੀਆਂ ਤਨਖਾਹਾਂ 'ਤੇ ਕੰਮ ਕਰਦੇ ਪੰਜ ਅਧਿਆਪਕ ਪਿਛਲੇ ਦਿਨੀਂ ਮੁੱਖ ਮੰਤਰੀ ਪੰਜਾਬ ਵੱਲੋਂ ਜਾਰੀ ਕੀਤੇ ਆਨਲਾਇਨ ਨਿਯੁਕਤੀ ਪੱਤਰਾਂ ਅਨੁਸਾਰ ਸਕੂਲ 'ਚ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਧਰਮਕੋਟ-1 ਗੁਰਪ੍ਰੀਤ ਸਿੰਘ ਦੀ ਹਾਜ਼ਰੀ 'ਚ ਆਪਣੀ ਆਪਣੀ ਰੈਗੂਲਰ ਪੋਸਟ 'ਤੇ ਹਾਜ਼ਰੀ ਦਿੱਤੀ। ਕੁਲਦੀਪ ਸਿੰਘ ਬਡਵਾਲ, ਮੈਡਮ ਨਵਨੀਤ ਕੌਰ ਬਸਰਾ, ਮੈਡਮ ਨਪਿੰਦਰਪਾਲ ਕੌਰ, ਮੈਡਮ ਰਣਜੀਤ ਕੌਰ, ਮੈਡਮ ਮਨਦੀਪ ਕੌਰ ਦੀ ਅੱਜ ਸਰਕਾਰੀ ਪ੍ਰਾਇਮਰੀ ਸਕੂਲ ਬੱਡੂਵਾਲ ਵਿਖੇ ਨਿਯੁਕਤੀ ਹੋਈ। ਇਸ ਸਮੇਂ ਬੀਪੀਈਓ ਗੁਰਪ੍ਰੀਤ ਸਿੰਘ ਨੇ ਕੱਚੇ ਅਧਿਆਪਕਾਂ ਦੇ ਤਰਾਸਦੀ ਭਰੇ ਸਫਰ 'ਤੇ ਚਾਨਣਾ ਪਾਉਂਦੇ ਹੋਏ ਸਮੂਹ ਰੈਗੂਲਰ ਹੋਏ ਅਧਿਆਪਕਾਂ ਨੂੰ ਮੁਬਾਰਕਾਂ ਦਿੱਤੀਆਂ। ਹਾਜ਼ਰੀਨ ਸ਼ਖਸੀਅਤ ਦਾ ਸਵਾਗਤ ਕਰਦੇ ਹੋਏ ਸਕੂਲ ਮੁਖੀ ਗੁਰਮੀਤ ਸਿੰਘ ਨੇ ਯੂਨੀਅਨ ਆਗੂ ਕੁਲਦੀਪ ਸਿੰਘ ਬੱਡੂਵਾਲ ਦੀ ਯੋਗ ਅਗਵਾਈ 'ਚ ਸਮੂਹ ਦੇ ਕੱਚੇ ਅਧਿਆਪਕਾਂ ਦੇ ਲੰਮੇ ਸੰਘਰਸ਼ ਨੂੰ ਜਿੱਤ ਦਾ ਸਿਹਰਾ ਦਿੰਦੇ ਹੋਏ ਭਵਿੱਖ ਲਈ ਸ਼ੁਭਕਾਮਨਾ ਸਮੇਤ ਤਨਦੇਹੀ ਨਾਲ ਪਹਿਲਾ ਵਾਂਗ ਸਿੱਖਿਆ ਵਿਭਾਗ 'ਚ ਮਿਹਨਤ ਜਾਰੀ ਰੱਖਣ ਲਈ ਪ੍ਰੇਰਿਆ। ਇਸ ਸਮੇਂ ਸਮੂਹ ਨਗਰ ਬੱਡੂਵਾਲ ਵੱਲੋਂ ਬਾਬਾ ਭੱਲਾ ਸਿੰਘ ਸਮੇਤ ਗ੍ਰਾਮ ਪੰਚਾਇਤ ਮੈਂਬਰ ਸਾਬਕਾ ਅਧਿਆਪਕ ਮੈਡਮ ਪਰਮਜੀਤ ਕੌਰ, ਮਾ. ਰਾਜਵੀਰ ਸਿੰਘ ਜੱਸਾ ਸਿੰਘ ਹਾਈ ਸਕੂਲ ਸਟਾਫ 'ਚ ਮੈਡਮ ਰਾਜਵਿੰਦਰ ਕੌਰ, ਮੈਡਮ ਅਨੀਤਾ, ਆਂਗਣਵਾੜੀ ਸਟਾਫ ਮੈਡਮ ਕੁਲਦੀਪ ਕੌਰ, ਗੁਰਮੀਤ ਕੌਰ, ਵੀਰਪਾਲ ਕੌਰ ਸਮੂਹ ਸਕੂਲ ਸਟਾਫ ਹਾਜ਼ਰ ਸੀ।

ਹੈਰੋਇਨ ਸਮੇਤ ਨੌਜਵਾਨ ਕਾਬੂ

ਮਲੋਟ (ਗੁਰਮੀਤ ਸਿੰਘ ਮੱਕੜ)-ਸਥਾਨਕ ਥਾਣਾ ਸਿਟੀ ਪੁਲਸ ਨੇ ਹੈਰੋਇਨ, ਮੋਬਾਇਲ ਤੇ ਕਰੰਸੀ ਸਮੇਤ ਇੱਕ ਨੌਜਵਾਨ ਨੂੰ ਕਾਬੂ ਕੀਤਾ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਪੁਲਸ ਪਾਰਟੀ ਗਸ਼ਤ ਦੌਰਾਨ ਪਿੰਡ ਜੰਡਵਾਲਾ ਤੋਂ ਘੱਗਾ ਜਾ ਰਹੀ ਸੀ ਤਾਂ ਸੜਕ ਦੇ ਖੱਬੇ ਪਾਸੇ ਇੱਕ ਨੌਜਵਾਨ ਸੁਖਵਿੰਦਰ ਸਿੰਘ ਵਾਸੀ ਜੰਡਵਾਲਾ ਚੜ੍ਹਤ ਸਿੰਘ ਆਪਣੇ ਹੱਥਾਂ 'ਚ ਫੜੇ ਮੋਮੀ ਲਿਫਾਫ਼ੇ ਦੀ ਫਰੋਲਾ ਫਰਾਲੀ ਕਰ ਰਿਹਾ ਦਿਖਾਈ ਦਿੱਤਾ, ਜੋ ਪੁਲਸ ਪਾਰਟੀ

5-Aug-PAGE- 8 qxd.qxd 8/4/2023 9:34 PM Page 1

ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਹਾਫਿਜ਼ਾਬਾਦ ਨੇ ਲਗਾਇਆ ਉਦਯੋਗਿਕ ਟੂਰ

ਸ੍ਰੀ ਚਮਕੌਰ ਸਾਹਿਬ (ਗੁਰਵਿੰਦਰਪਾਲ ਸਿੰਘ ਬੋਬੀ) ਭਾਰਤੀ ਮਾਨਕ ਬਿਊਰੋ ਪਰਵਾਣੂ ਦੇ ਡਾਇਰੈਕਟਰ ਕੇ ਵਿਜੇਵੀਰਨ (ਸਾਇੰਟਿਸਟ ਡੀ) ਅਤੇ ਸਟੈਂਡਰਡ ਪ੍ਰੋਮੋਸ਼ਨ ਅਫਸਰ ਅਤੁੱਲ ਚਤੁਰਵੇਦੀ ਵੱਲੋਂ ਨਿਰਧਾਰਿਤ ਪ੍ਰੋਗਰਾਮ ਅਨੁਸਾਰ 2 ਅਗਸਤ ਨੂੰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਹਾਫਿਜ਼ਾਬਾਦ (ਰੂਪਨਗਰ) ਦੇ ਵਿਦਿਆਰਥੀਆਂ ਲਈ ਉਦਯੋਗਿਕ ਟੂਰ ਦਾ ਆਯੋਜਨ ਕੀਤਾ ਗਿਆ। ਪ੍ਰਿੰਸੀਪਲ ਸਤਿੰਦਰ ਸਿੰਘ ਦੇ ਦਿਸ਼ਾ ਨਿਰਦੇਸ਼ਾ ਅਨੁਸਾਰ ਲੈਕ. ਸੁਖਦੇਵ ਸਿੰਘ ਪੰਜਰੁੱਖਾ (ਕਲੱਬ ਮੈਂਟਰ) ਦੀ ਅਗਵਾਈ ਵਿੱਚ ਟੂਰ ਰਵਾਨਾ ਕੀਤਾ ਗਿਆ। ਇਸ ਟੂਰ ਦੌਰਾਨ ਵਿਦਿਆਰਥੀਆਂ ਨੇ ਬੱਦੀ (ਹਿਮਾਚਲ ਪ੍ਰਦੇਸ਼) ਵਿਖੇ ਸਥਿਤ ਵਰਾਹੀ ਲਿਮਟਿਡ ਮਹੋਦਰ ਬੇਵਰੈਜੇਜ ਉਦਯੋਗਿਕ ਯੂਨਿਟ ਦਾ ਦੌਰਾ ਕੀਤਾ ਗਿਆ। ਦੌਰੇ ਦੌਰਾਨ ਉਦਯੋਗਿਕ ਯੂਨਿਟ ਦੇ ਡਾਇਰੈਕਟਰ ਗੁਲਾਬ ਰਾਏ, ਮੈਨੇਜਰ-ਗੁਣਵੱਤਾ ਸੰਜੇ ਸਿੰਘ ਡਾਗਰ ਅਤੇ ਉਦਯੋਗਿਕ ਯੂਨਿਟ ਦੇ ਸਮੁੱਚੇ ਅਧਿਕਾਰੀਆਂ ਅਤੇ ਕਰਮਚਾਰੀਆਂ ਨੇ ਵਿਦਿਆਰਥੀਆਂ ਨੂੰ ਇਸ ਉਦਯੋਗਿਕ ਯੂਨਿਟ 'ਚ ਬਣਨ ਵਾਲੇ ਮਿਨਰਲ ਵਾਟਰ ਅਤੇ ਹੋਰ ਉਤਪਾਦਾ ਦੀ ਗੁਣਵੱਤਾ ਅਤੇ ਸਟੈਂਡਰਡ ਸੰਬੰਧੀ ਵਿਸਥਾਰ 'ਚ ਜਾਣਕਾਰੀ ਦਿਤੀ ਗਈ। ਇਸ ਮੌਕੇ ਵਿਦਿਆਰਥੀਆਂ ਨੂੰ ਜਾਣਕਾਰੀ ਦੇਣ ਲਈ ਭਾਰਤੀ ਮਾਨਕ ਬਿਊਰੋ ਪਰਵਾਣੂ ਦਫਤਰ ਵੱਲੋਂ ਫੌਰਨ ਚੰਦ ਹਾਜ਼ਰ ਸਨ। ਗੁਰਵੀਰ ਸਿੰਘ, ਹਰਵਿੰਦਰ ਕੌਰ, ਸਿਮਰਨ ਕੁਮਾਰੀ ਅਤੇ ਹੋਰ ਵਿਦਿਆਰਥੀਆਂ ਨੇ ਉਦਯੋਗਿਕ ਯੂਨਿਟ ਦੇ ਅਧਿਕਾਰੀਆਂ ਤੋਂ ਵੱਖ ਵੱਖ ਸਵਾਲ ਪੁੱਛੇ ਅਤੇ ਅਧਿਕਾਰੀਆਂ ਵੱਲੋਂ ਬਹੁਤ ਹੀ ਠਰ੍ਹੰਮੇ ਨਾਲ ਵਿਸਥਾਰ 'ਚ ਬੱਚਿਆਂ ਨੂੰ ਸਮਝਾਇਆ। ਇਸ ਉਦਯੋਗਿਕ ਟੂਰ ਦੀ ਵਿਲੱਖਣਤਾ ਇਹ ਰਹੀ ਕਿ ਮਹੋਦਰ ਬੇਵਰੇਜਜ ਵੱਲੋਂ ਸਾਰੇ ਹੀ ਵਿਦਿਆਰਥੀਆਂ ਅਤੇ ਅਧਿਆਪਕਾਂ ਦੀ ਸ਼ਾਨਦਾਰ ਢੰਗ ਨਾਲ ਆਓ ਭਗਤ ਕੀਤੀ ਅਤੇ ਸਾਰਿਆਂ ਨੂੰ ਸ਼ਾਨਦਾਰ ਤੋਹਫੇ ਦੇ ਕੇ ਵਿਦਾ ਕੀਤਾ। ਪ੍ਰਿੰਸੀਪਲ ਸਤਿੰਦਰ ਸਿੰਘ ਨੇ ਵਿਦਿਆਰਥੀਆਂ ਨੂੰ ਇਸ ਉਦਯੋਗਿਕ ਟੂਰ ਦੌਰਾਨ ਵੱਧ ਤੋਂ ਵੱਧ ਗਿਆਨ ਪ੍ਰਾਪਤ ਕਰਨ ਲਈ ਪ੍ਰੇਰਨਾ ਦਿੱਤੀ। ਇਸ ਉਦਯੋਗਿਕ ਟੂਰ 'ਚ ਲੈਕਚਰਾਰ ਪਰਮਜੀਤ ਕੌਰ, ਗੁਰਦੀਪ ਸਿੰਘ ਲਾਇਬ੍ਰੇਰੀਅਨ ਅਤੇ ਸ੍ਰੀਮਤੀ ਤਰਨਜੀਤ ਕੌਰ ਨੇ ਵਿਦਿਆਰਥੀ ਦੀ ਅਗਵਾਈ ਕੀਤੀ। ਇਸ ਮੌਕੇ ਲੈਕਚਰਾਰ ਇੰਦਰਜੀਤ ਸਿੰਘ, ਰਾਬਿੰਦਰ ਸਿੰਘ ਰੱਬੀ, ਰਮਨਦੀਪ ਕੌਰ, ਅਨੁਪਮ ਵਰਮਾ, ਵਿਕਰਮਜੀਤ ਕੌਰ, ਕਿਰਨ ਬਾਲਾ, ਅਮਰਦੀਪ ਕੌਰ, ਹਰਪ੍ਰੀਤ ਸਿੰਘ, ਗੁਰਿੰਦਰ ਸਿੰਘ, ਗਗਨਦੀਪ ਕੌਰ, ਹਰਸਿਮਰਤ ਸਿੰਘ, ਅੰਮ੍ਰਿਤਪਾਲ ਸਿੰਘ ਆਦਿ ਹਾਜ਼ਰ ਸਨ।

ਬਹੁਜਨ ਐਕਸ਼ਨ ਫਰੰਟ ਫਾਰ ਸੋਸ਼ਲ ਜਸਟਿਸ ਵੱਲੋਂ 9 ਦੇ ਪੰਜਾਬ ਬੰਦ ਨੂੰ ਸਮਰਥਨ

ਟਾਂਡਾ ਉੜਮੁੜ (ਜਸਵਿੰਦਰ ਸੰਧੂ , ਉਂਕਾਰ ਸਿੰਘ)- ਬੀਤੇ ਦਿਨੀਂ ਮਨੀਪੁਰ ਵਿੱਚ ਵਾਪਰੀ ਅਣਮਨੁੱਖੀ ਘਟਨਾਵਾਂ ਦੇ ਕਥਿਤ ਦੋਸ਼ੀਆਂ ਨੂੰ ਅਜੇ ਤੱਕ ਗ੍ਰਿਫਤਾਰ ਨਾ ਕਰਨ ਅਤੇ ਔਰਤਾਂ ਤੇ ਹੋਏ ਤਸ਼ੱਦਦ ਦਾ ਪੁਲਸ ਪ੍ਰਸ਼ਾਸਨ ਵੱਲੋਂ ਪੂਰਾ ਇਨਸਾਫ ਨਾ ਦੇਣ ਸਬੰਧੀ ਵਿਚਾਰ ਵਟਾਂਦਰਾ ਕਰਨ ਲਈ ਬਹੁਜਨ ਐਕਸ਼ਨ ਫਰੰਟ ਫਾਰ ਸੋਸ਼ਲ ਜਸਟਿਸ ਦੇ ਟਾਂਡਾ ਪ੍ਰਧਾਨ ਬਲਕਾਰ ਮਸੀਹ ਤੇ ਸੈਕਟਰੀ ਤਰਸੇਮ ਲਾਲ ਦੀ ਅਗਵਾਈ ਵਿਚ ਸ਼ਿਮਲਾ ਪਹਾੜੀ ਉੜਮੁੜ ਵਿਖੇ ਇਕ ਹੰਗਾਮੀ ਮੀਟਿੰਗ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਫਰੰਟ ਪੰਜਾਬ ਪ੍ਰਧਾਨ ਕੇਵਲ ਸਿੰਘ ਹੀਰ ਨੇ ਸ਼ਿਰਕਤ ਕੀਤੀ। ਹੀਰ ਨੇ ਕਿਹਾ ਕਿ ਮਨੀਪੁਰ ਵਿੱਚ ਘੱਟ ਗਿਣਤੀ ਦੇ ਪਰਵਾਰਾਂ 'ਤੇ ਹਮਲੇ ਕਥਿਤ ਦੋਸ਼ੀ ਸਰੇਆਮ ਘੁੰਮ ਰਹੇ ਹਨ। ਉਨ੍ਹਾਂ ਭਾਰਤ ਦੇ ਰਾਸ਼ਟਰਪਤੀ ਤੋਂ ਮੰਗ ਕੀਤੀ ਹੈ ਕਿ ਮਨੀਪੁਰ ਦੀ ਸਰਕਾਰ ਨੂੰ ਅਤੇ ਗਵਰਨਰ ਨੂੰ ਤੁਰੰਤ ਬਰਖਾਸਤ ਕੀਤਾ ਜਾਵੇ। ਉਨ੍ਹਾਂ ਪੰਜਾਬ ਦੇ ਲੋਕਾਂ ਨੂੰ ਅਪੀਲ ਕੀਤੀ ਕਿ 9 ਅਗਸਤ ਨੂੰ ਪੰਜਾਬ ਬੰਦ ਵਿੱਚ ਆਪਣਾ ਭਰਵਾਂ ਹੁੰਗਾਰਾ ਦੇਣ ਤਾਂ ਜੋ ਮਨੀਪੁਰ ਦੀ ਕੁੰਭ ਕਰਨੀ ਨੀਂਦੇ ਸੁੱਤੀ ਪਈ ਸਰਕਾਰ ਨੂੰ ਜਗਾਇਆ ਜਾ ਸਕੇ। ਇਸ ਮੌਕੇ 'ਤੇ ਅਯੂਬ ਮਸੀਹ, ਬਲਕਾਰ ਸਿੰਘ, ਤਰਸੇਮ ਲਾਲ, ਪਰਮਜੀਤ ਪੰਮਾ, ਦਲਵੀਰ ਸਿੰਘ, ਓਮ ਪ੍ਰਕਾਸ਼ ਭੱਟੀ, ਡਾ. ਐਸ.ਐਸ ਭੱਟੀ, ਲਵਲੀ ਦਸਮੇਸ਼ ਨਗਰ, ਵਿਜੈ ਨੰਦਾ, ਪਾਸਟਰ ਸੁਖਦੇਵ ਮਸੀਹ, ਪਾਸਟਰ ਨਥਾਣੀਆਂ, ਸਾਥੀ ਫਰਾਸਿਸ, ਗੁਰਦਿਆਲ ਸਿੰਘ ਅਤੇ ਹੋਰ ਹਾਜਰ ਸਨ।

ਸਫਾਈ ਕਰਮਚਾਰੀ ਯੂਨੀਅਨ ਨਗਰ ਨੇ ਐੱਸ ਡੀ ਐੱਮ ਨੂੰ ਦਿੱਤਾ ਮੰਗ ਪੱਤਰ

ਫਿਲੌਰ (ਨਿਰਮਲ)- ਜਿੰਨੇ ਵੀ ਕਰਮਚਾਰੀ ਚਾਹੇ ਉਹ ਦਫਤਰ ਵਿੱਚ ਹਨ ਜਾਂ ਫੀਲਡ ਵਿੱਚ ਲੱਗੇ ਹਨ ਉਨ੍ਹਾਂ ਸਾਰੇ ਆਊਟਸੋਰਸ ਮੁਲਾਜ਼ਮ ਜਿਵੇਂ ਕਿ ਕਲਰਕ-ਕਮ-ਕੰਪਿਊਟਰ ਅਪਰੇਟਰ, ਡਰਾਈਵਰ, ਸੇਵਦਾਰ, ਮਾਲੀ, ਚੌਕੀਦਾਰ ਅਤੇ ਸਫਾਈ ਸੇਵਕ ਹਨ ਉਨ੍ਹਾਂ ਸਾਰੇ ਮੁਲਾਜ਼ਮਾ ਨੂੰ ਪੱਕਾ ਕੀਤਾ ਜਾਵੇ ਠੇਕੇਦਾਰੀ ਸਿਸਟਮ ਪੂਰਨ ਤੌਰ 'ਤੇ ਬੰਦ ਕੀਤਾ ਜਾਵੇ। ਜਿਸ ਨੂੰ ਵੀ ਕੰਟਰੈਕਟ ਬੇਸ ਅਤੇ ਆਊਸਟਸੋਰਸ ਮੁਲਾਜ਼ਮ ਹਨ ਉਨ੍ਹਾਂ ਸਾਰੇ ਮੁਲਾਜਮਾਂ ਨੂੰ ਪੱਕਾ ਕੀਤਾ ਜਾਵੇ ਆਦਿ ਹੋਰ ਮੰਗਾਂ ਨੂੰ ਲੈ ਕੇ ਸਫਾਈ ਕਰਮਚਾਰੀ ਯੂਨੀਅਨ ਨੇ ਇੱਕ ਕਮ ਪੱਤਰ ਐਸ ਡੀ ਐਮ ਨੂੰ ਦਿੱਤਾ। ਇਸ ਮੌਕੇ ਮੰਨੀ ਲਾਲ, ਰਾਜਿੰਦਰ ਕੁਮਾਰ, ਰਾਮ ਲਾਲ ਉਰਫ ਅਸ਼ੋਕ ਕੁਮਾਰ, ਰਾਜੂ, ਬੰਟੀ, ਵਿਜੈ ਕੁਮਾਰ, ਪੱਪੂ,ਸੰਨੀ ਘੋੜਾ, ਸੰਨੀ ਬੱਬੀ, ਬੱਬਲੀ, ਅਮਨਦੀਪ, ਜਿੱਪੀ ਆਦਿ ਹਾਜ਼ਰ ਸਨ।

ਪੀ ਸੀ ਐੱਮ ਐੱਸ ਡੀ ਕਾਲਜ ਵਿਖੇ ਬੀ ਐੱਸ ਸੀ ਫੈਸ਼ਨ ਡਿਜ਼ਾਈਨਿੰਗ ਦਾ ਨਤੀਜਾ ਸ਼ਾਨਦਾਰ

ਜਲੰਧਰ (ਇਕਬਾਲ ਸਿੰਘ ਉੱਭੀ) ਪੀ ਸੀ.ਐਮ.ਐਸ.ਡੀ ਕਾਲਜ ਫਾਰ ਵੂਮੈਨ ਦੇ ਬੀ.ਐਸ.ਸੀ (ਫੈਸ਼ਨ ਡਿਜਾਈਨਿੰਗ) ਸਮੈਸਟਰ ਚੌਥੇ ਦਾ ਗੁਰੂ ਨਾਨਕ ਦੇਵ ਯੂਨੀਵਰਸਿਟੀ ਦਾ ਨਤੀਜਾ ਸ਼ਾਨਦਾਰ ਰਿਹਾ ਹੈ। ਸਿਮਰਨ ਕੁੰਜਲ ਨੇ 1000 ਵਿੱਚੋਂ 922 (92.20%) ਅੰਕ ਪ੍ਰਾਪਤ ਕਰਕੇ ਯੂਨੀਵਰਸਿਟੀ ਵਿੱਚੋਂ ਪਹਿਲਾ ਸਥਾਨ ਹਾਸਲ ਕੀਤਾ। ਇਸ ਮੌਕੇ ਪ੍ਰਧਾਨ ਨਰੇਸ਼ ਬੁਧੀਆ, ਸੀਨੀਅਰ ਮੀਤ ਪ੍ਰਧਾਨ ਵਿਨੋਦ ਦਾਦਾ, ਪ੍ਰਬੰਧਕੀ ਕਮੇਟੀ ਦੇ ਹੋਰ ਮਾਣਯੋਗ ਮੈਂਬਰ ਅਤੇ ਕਾਲਜ ਦੇ ਯੋਗ ਪ੍ਰਿੰਸੀਪਲ ਪ੍ਰੋ.(ਡਾ.) ਪੂਜਾ ਪਰਾਸ਼ਰ ਨੇ ਸੰਸਥਾ ਦਾ ਨਾਂਅ ਰੌਸ਼ਨ ਕਰਨ ਵਾਲੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ। ਉਨ੍ਹਾਂ ਸ਼ਾਨਦਾਰ ਨਤੀਜਿਆਂ ਲਈ ਫੈਸ਼ਨ ਡਿਜਾਈਨਿੰਗ ਵਿਭਾਗ ਦੀ ਵੀ ਸ਼ਲਾਘਾ ਕੀਤੀ ਅਤੇ ਹੋਣਹਾਰ ਵਿਦਿਆਰਥੀਆਂ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ।

ਮੁੱਗੋਵਾਲ ਵਿਖੇ 'ਤੀਆਂ ਦਾ ਮੇਲਾ' ਉਤਸ਼ਾਹ ਨਾਲ ਮਨਾਇਆ

ਮਾਹਿਲਪੁਰ, (ਨਿਰਮਲ ਸਿੰਘ ਮੁੱਗੋਵਾਲ)-

ਪਿੰਡ ਮੁੱਗੋਵਾਲ ਵਿਖੇ ਸਾਉਣ ਮਹੀਨੇ ਦੀਆਂ ਤੀਆਂ ਦਾ ਤਿਉਹਾਰ ਉਤਸ਼ਾਹ ਪੂਰਵਕ ਢੰਗ ਨਾਲ ਮਨਾਇਆ ਗਿਆ। ਜਿਸਦਾ ਉਦਘਾਟਨ ਸੁਖਵਿੰਦਰ ਸਿੰਘ ਸਾਬਕਾ ਸਰਪੰਚ ਜ਼ਿਲ੍ਹਾ ਪ੍ਰਧਾਨ ਆਮ ਆਦਮੀ ਪਾਰਟੀ ਕਿਸਾਨ ਵਿੰਗ ਨੇ ਕੀਤਾ। ਇਸ ਮੌਕੇ ਮਨਜਿੰਦਰ ਕੌਰ ਸਰਪੰਚ, ਜਸਵਿੰਦਰ ਕੌਰ ਸਾਬਕਾ ਸਰਪੰਚ, ਸਤਨਾਮ ਸਿੰਘ, ਰਾਜੂ, ਕੁਲਦੀਪ ਕੁਮਾਰ ਸਾਬਕਾ ਪੰਚ, ਸਰਵਣ ਕੁਮਾਰ ਕਾਲਾ, ਸੋਮਨਾਥ ,ਬਲਵੀਰ ਸਿੰਘ, ਜਸਬੀਰ ਸਿੰਘ ਜੱਸੀ, ਪਰਮਿੰਦਰ ਸਿੰਘ ਸਾਬਕਾ ਪੰਚ,ਹਰਮਨ, ਫੂਲਾ ਸਿੰਘ ਬੀਰਮਪੁਰ ਮੁੱਖ ਸੰਪਾਦਕ ਸ਼ਿਵਾਲਿਕ ਨਿਊਜ,ਮਾਸਟਰ ਸੁਰਿੰਦਰ ਕੁਮਾਰ ਸੈਕੀ, ਬਲਰਾਮ ਚੋਪੜਾ ਜੰਡਿਆਲਾ, ਬਲਬੀਰ ਕੌਰ, ਲਾਜਵੰਤੀ, ਨਿਰਮਲ ਕੌਰ, ਭਾਗੋ ਸਮੇਤ ਪਿੰਡ ਵਾਸੀ ਵੱਡੀ ਗਿਣਤੀ ਵਿੱਚ ਹਾਜਰ ਸਨ। ਜੱਸੀ ਦੀ ਅਗਵਾਈ ਹੇਠ ਪੰਜਾਬੀ ਸੱਭਿਆਚਾਰ ਨੂੰ ਦਰਸਾਉਂਦਾ ਪ੍ਰੋਗਰਾਮ ਪੇਸ਼ ਕੀਤਾ ਗਿਆ। ਉਸਾਰੂ ਸੋਚ ਅਤੇ ਪੁਰਾਤਿਨ ਵਿਰਸੇ ਨੂੰ ਸਮਰਪਿਤ ਗਿੱਧਾ, ਬੋਲੀਆਂ, ਸਕਿੱਟਾਂ ਅਤੇ ਕੋਰੀਓਗ੍ਰਾਫੀਆਂ ਪੇਸ਼ ਕੀਤੀਆਂ ਗਈਆਂ। ਮੇਲੇ ਵਿੱਚ ਕਿਰਨ, ਮਨੀਸ਼ਾ, ਅੰਜਲੀ, ਮਨਜੋਤ, ਪ੍ਰਿਯੰਕਾ, ਪੂਨਮ, ਮਾਹੀ, ਜੱਸੀ, ਹਰਵਿੰਦਰ, ਰੱਜੀ, ਸੁਖਵਿੰਦਰ, ਪ੍ਰੀਤੀ, ਅਮਨ, ਸੁੱਖੀ ਆਦਿ ਨੇ ਹਿੱਸਾ ਲਿਆ। ਸੁਖਵਿੰਦਰ ਸਿੰਘ ਸਾਬਕਾ ਸਰਪੰਚ ਨੇ ਕਿਹਾ ਕਿ ਮੇਲੇ ਸਾਡੀ ਪੁਰਾਤਨ ਸੰਸਕ੍ਰਿਤੀ ਦਾ ਪ੍ਰਤੀਕ ਹਨ।

ਲੜਕੀਆਂ ਸਾਡੇ ਦੇਸ਼ ਦਾ ਮਾਣ ਹਨ। ਸਾਨੂੰ ਔਰਤ ਜਾਤੀ ਦਾ ਮਾਨ ਸਨਮਾਨ ਕਰਦੇ ਹੋਏ ਤੀਆਂ ਦੇ ਮੇਲੇ ਹਰ ਪਿੰਡ ਵਿੱਚ ਲਗਾਉਣੇ ਚਾਹੀਦੇ ਹਨ, ਤਾਂ ਜੋ ਉਹ ਆਪਣੀਆਂ ਖੁਸ਼ੀਆਂ ਅਤੇ ਚਾਅ ਪੂਰੇ ਕਰ ਸਕਣ। ਸਮਾਗਮ ਦੇ ਅਖੀਰ ਵਿੱਚ ਗੁਰੂ ਅਤੁੱਟ ਲੰਗਰ ਚੱਲਿਆ।

ਵਿਧਾਇਕ ਕੁਲਵੰਤ ਸਿੰਘ ਨੇ 11 ਪਰਵਾਰਾਂ ਨੂੰ ਮੁਆਵਜ਼ੇ ਦੇ 13.20 ਲੱਖ ਰੁਪਏ ਦੇ ਚੈੱਕ ਸੌਂਪੇ

ਐੱਸ.ਏ.ਐੱਸ. ਨਗਰ, (ਕ੍ਰਿਸ਼ਨ ਗਰਗ) ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠਲੀ ਸੂਬਾ ਸਰਕਾਰ ਹੜ੍ਹ ਪੀੜਤਾਂ ਦੀ ਸਹਾਇਤਾ ਵਿੱਚ ਕੋਈ ਕਸਰ ਨਹੀਂ ਛੱਡ ਰਹੀ ਅਤੇ ਹੜ੍ਹ ਪੀੜਤਾਂ ਨੂੰ ਬਣਦੀ ਮੁਆਵਜ਼ਾ ਰਾਸ਼ੀ ਦੇ ਕੇ ਸਰਕਾਰ ਆਪਣਾ ਫਰਜ਼ ਨਿਭਾਅ ਰਹੀ ਹੈ। ਇਹ ਪ੍ਰਗਟਾਵਾ ਵਿਧਾਇਕ ਕੁਲਵੰਤ ਸਿੰਘ ਨੇ ਹੜ੍ਹਾਂ ਕਾਰਨ ਮਕਾਨਾਂ ਦੇ ਹੋਏ ਨੁਕਸਾਨ ਸਬੰਧੀ ਪਿੰਡ ਬਹਿਲੋਲਪੁਰ ਵਿਖੇ ਵੱਖ ਵੱਖ ਪਿੰਡਾਂ ਦੇ 11 ਪੀੜਤ ਪਰਵਾਰਾਂ ਨੂੰ 13.20 ਲੱਖ ਰੁਪਏ ਦੀ ਰਾਸ਼ੀ ਦੇ ਚੈੱਕ ਸੌਂਪਣ ਮੌਕੇ ਕੀਤਾ। ਇਸ ਮੌਕੇ ਪ੍ਰਤੀ ਪਰਵਾਰ 1.20 ਲੱਖ ਰੁਪਏ ਦੇ ਚੈੱਕ ਦਿੱਤੇ ਗਏ। ਜ਼ਿਕਰਯੋਗ ਹੈ ਕਿ ਇਹਨਾਂ ਪੀੜਤਾਂ ਵਿਚ ਪਿੰਡ ਬਹਿਲੋਲਪੁਰ ਦੇ ਸਵਰਨ ਸਿੰਘ, ਲਖਵੀਰ ਸਿੰਘ, ਹਰਦੀਪ ਸਿੰਘ, ਨਰੇਸ਼ ਕੁਮਾਰ, ਜਗਤਾਰ ਸਿੰਘ, ਮਹਿੰਦਰੋ ਦੇਵੀ ਤੇ ਮਨਦੀਪ ਸਿੰਘ, ਪਿੰਡ ਦਾਊਂ ਤੋਂ ਬਬਲੀ, ਪ੍ਰੀਤਮ ਕੌਰ ਤੇ ਬਿਮਲਾ ਕੌਰ ਅਤੇ ਪਿੰਡ ਝਾਮਪੁਰ ਦੀ ਸਮਸੇਰ ਕੌਰ ਦੇ ਪਰਵਾਰ ਸ਼ਾਮਲ ਹਨ। ਮੋਹਾਲੀ ਸਬ ਡਵੀਜਨ ਵਿੱਚ ਮੁਆਵਜਾ ਕਮੇਟੀ ਵੱਲੋਂ ਮਕਾਨਾਂ ਦੇ ਹੋਏ ਨੁਕਸਾਨ ਬਾਬਤ 29 ਮਕਾਨਾਂ ਦੀ ਪਛਾਣ ਕੀਤੀ ਗਈ ਹੈ, ਜਿਨ੍ਹਾਂ ਬਾਬਤ ਮੁਆਵਜਾ ਦੇਣ ਦੀ ਪ੍ਰਕਿਰਿਆ ਜਾਰੀ ਹੈ। ਹਲਕਾ ਵਿਧਾਇਕ ਨੇ ਕਿਹਾ ਕਿ ਮੁੱਖ ਮੰਤਰੀ ਵੱਲੋਂ ਜਿਥੇ ਹੜ੍ਹਾਂ ਕਾਰਨ ਮਕਾਨਾਂ ਦੇ ਹੋਏ ਨੁਕਸਾਨ ਦਾ ਮੁਆਵਜਾ ਦਿੱਤਾ ਜਾ ਰਿਹਾ ਹੈ, ਉੱਥੇ ਖਰਾਬ ਹੋਈਆਂ ਫਸਲਾਂ ਦਾ ਮੁਆਵਜ਼ਾ ਦੇਣ ਬਾਰੇ ਕਾਰਵਾਈ ਕੀਤੀ ਜਾ ਰਹੀ ਹੈ ਤੇ ਹੜ੍ਹਾਂ ਕਾਰਨ ਹੋਏ ਜਾਨੀ ਨੁਕਸਾਨ ਦੀ ਭਰਪਾਈ ਕਰਨ ਲਈ ਵੀ ਤੇਜੀ ਨਾਲ ਕਦਮ ਚੁੱਕੇ ਜਾ ਰਹੇ ਹਨ। ਪੰਜਾਬ ਸਰਕਾਰ ਵਲੋਂ ਹੜ੍ਹਾਂ ਨਾਲ ਹੋਏ ਨੁਕਸਾਨ ਦਾ ਜਾਇਜਾ ਲੈਣ ਲਈ ਸਪੈਸ਼ਲ ਗਿਰਦਾਵਰੀਆਂ ਕਰਵਾਈਆਂ ਜਾ ਰਹੀਆਂ ਹਨ । ਸਮੂਹ ਡਿਪਟੀ ਕਮਿਸ਼ਨਰਾਂ ਨੂੰ ਆਦੇਸ ਦਿੱਤੇ ਗਏ ਹਨ ਕਿ 15 ਅਗਸਤ ਤਕ ਸਪੈਸ਼ਲ ਗਿਰਦਾਵਰੀਆਂ ਕਰਵਾ ਕੇ ਰਿਪੋਰਟ ਸਰਕਾਰ ਨੂੰ ਭੇਜੀ ਜਾਵੇ। ਇਸੇ ਲੜੀ ਤਹਿਤ ਬਹੁਤ ਜਲਦ ਬਹਿਲੋਲਪੁਰ ਨੇੜੇ ਆਰਥਿਕ ਤੌਰ 'ਤੇ ਕਮਜੋਰ ਪਰਵਾਰਾਂ ਨੂੰ 01 ਹਜਾਰ ਮਕਾਨ ਬਣਾ ਕੇ ਦਿੱਤੇ ਜਾਣਗੇ। ਇਸ ਮੌਕੇ ਐੱਸ.ਡੀ.ਐਮ. ਮੋਹਾਲੀ ਸ੍ਰੀਮਤੀ ਸਰਬਜੀਤ ਕੌਰ, ਤਹਿਸੀਲਦਾਰ ਕੁਲਦੀਪ ਸਿੰਘ ਢਿੱਲੋਂ ਸਮੇਤ ਵੱਖੋ ਵੱਖ ਵਿਭਾਗਾਂ ਦੇ ਅਧਿਕਾਰੀ, ਪਿੰਡ ਵਾਸੀ ਤੇ ਪਤਵੰਤੇ ਹਾਜਰ ਸਨ।

ਆਪ ਆਗੂ ਦੀ ਵਧੀਕੀ ਖਿਲਾਫ਼ ਥਾਣੇ ਅੱਗੇ ਦਿਨ-ਰਾਤ ਦਾ ਧਰਨਾ ਜਾਰੀ

ਕਰਤਾਰਪੁਰ,(ਹਰਮੇਸ਼ ਦੱਤ) ਨੌਜਵਾਨ ਲੜਕੀ ਨੂੰ ਬਦਨੀਤੀ ਨਾਲ ਬਾਜੂ ਤੋਂ ਫੜ ਜਿਨਸੀ ਸ਼ੋਸ਼ਣ ਕਰਨ ਅਤੇ ਆਪ ਆਗੂ ਦੀ ਵਧੀਕੀ ਦੇ ਮਾਮਲੇ ਵਿੱਚ ਪੁਲਸ ਪ੍ਰਸ਼ਾਸਨ ਦੀ ਔਰਤ ਵਿਰੋਧੀ ਮਾਨਸਿਕਤਾ ਖਿਲਾਫ ਥਾਣਾ ਕਰਤਾਰਪੁਰ ਅੱਗੇ ਪੇਂਡੂ ਮਜਦੂਰ ਯੂਨੀਅਨ ਪੰਜਾਬ ਦੁਆਰਾ ਪਹਿਲੀ ਅਗਸਤ ਤੋਂ ਸ਼ੁਰੂ ਕੀਤਾ ਗਿਆ ਦਿਨ ਰਾਤ ਦਾ ਧਰਨਾ ਤੀਸਰੇ ਦਿਨ ਵੀ ਜਾਰੀ ਰਿਹਾ। ਯੂਨੀਅਨ ਦੇ ਸੂਬਾ ਪ੍ਰਧਾਨ ਤਰਸੇਮ ਪੀਟਰ ਅਤੇ ਜ਼ਿਲ੍ਹਾ ਪ੍ਰਧਾਨ ਹੰਸ ਰਾਜ ਪੱਬਵਾਂ ਨੇ ਸੰਬੋਧਨ ਕਰਦਿਆਂ ਘੋਲ ਨੂੰ ਜ਼ਿਲ੍ਹੇ ਪੱਧਰ ਦਾ ਬਣਾਉਣ ਦਾ ਐਲਾਨ ਕੀਤਾ। ਉਨ੍ਹਾਂ ਕਿਹਾ ਕਿ ਇਸਦੀ ਕੜੀ ਵਜੋਂ 7 ਅਗਸਤ ਨੂੰ ਜ਼ਿਲ੍ਹੇ ਭਰ ਤੋਂ ਮਜਦੂਰ ਕਿਸਾਨ ਇਕੱਠੇ ਹੋ ਕੇ ਧਰਨਾ ਮੁਜਾਹਰਾ ਕਰਦੇ ਹੋਏ ਐੱਸ ਐੱਸ ਪੀ ਜਲੰਧਰ ਦਿਹਾਤੀ ਦੇ ਦਫਤਰ ਜਾ ਕੇ ਇਨਸਾਫ ਮੰਗਣਗੇ। ਉਨ੍ਹਾਂ ਕਿਹਾ ਕਿ ਮਨੀਪੁਰ ਦੀਆਂ ਔਰਤਾਂ ਲਈ ਇਨਸਾਫ ਦੀ ਮੰਗ ਦੀ ਡਰਾਮੇਬਾਜੀ ਕਰਨ ਵਾਲੇ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠਲੀ ਸਰਕਾਰ ਦੇ ਰਾਜ ਵਿੱਚ ਧੀ ਨੂੰ ਇਨਸਾਫ ਲਈ ਦਿਨ ਰਾਤ ਦੇ ਧਰਨੇ ਲਗਾਉਣੇ ਪੈ ਰਹੇ ਹਨ। ਇਸ ਮੌਕੇ ਯੂਨੀਅਨ ਦੇ ਸੂਬਾ ਪ੍ਰੈੱਸ ਸਕੱਤਰ ਕਸ਼ਮੀਰ ਸਿੰਘ ਘੁੱਗਸ਼ੋਰ, ਕਿਰਤੀ ਕਿਸਾਨ ਯੂਨੀਅਨ ਦੇ ਸੂਬਾ ਆਗੂ ਸੰਤੋਖ ਸਿੰਘ ਸੰਧੂ,ਇਸਤਰੀ ਜਾਗ੍ਰਿਤੀ ਮੰਚ ਦੀ

5-Aug-PAGE- 9qxd.qxd 8/4/2023 9:33 PM Page 1

ਪੰਜਾਬ ਸਰਕਾਰ ਅਧਿਆਪਕਾਂ ਤੋਂ ਬੀ ਐੱਲ ਓ ਸਮੇਤ ਹੋਰ ਗੈਰ-ਵਿੱਦਿਅਕ ਕੰਮ ਲੈਣੇ ਤੁਰੰਤ ਬੰਦ ਕਰੇ : ਜੀ ਟੀ ਯੂ

ਜਲੰਧਰ, ਹੁਸ਼ਿਆਰਪੁਰ (ਰਾਜੇਸ਼ ਥਾਪਾ, ਬਲਵੀਰ ਸਿੰਘ ਸੈਣੀ) ਪੰਜਾਬ ਸਰਕਾਰ ਦੇ ਮੁੱਖ ਮੰਤਰੀ ਭਗਵੰਤ ਮਾਨ ਤੇ ਸਿੱਖਿਆ ਮੰਤਰੀ ਪੰਜਾਬ ਵਲੋਂ ਇੱਕ ਪਾਸੇ ਤਾਂ ਸਿੱਖਿਆ ਦੇ ਪੱਧਰ ਨੂੰ ਉੱਚਾ ਚੁੱਕਣ ਲਈ ਅਧਿਆਪਕਾਂ ਤੋਂ ਹਰ ਪ੍ਰਕਾਰ ਦੇ ਗੈਰ ਵਿੱਦਿਅਕ ਕੰਮ ਲੈਣੇ ਬੰਦ ਕਰਨ ਦੇ ਫੋਕੇ ਦਾਅਵੇ ਕੀਤੇ ਜਾ ਰਹੇ ਹਨ ਅਤੇ ਦੂਜੇ ਬੰਨੇ ਉਸੇ ਪੰਜਾਬ ਸਰਕਾਰ ਦੇ ਪ੍ਰਸਾਸਨਿਕ ਅਧਿਕਾਰੀਆਂ ਵਲੋਂ ਚੋਣ ਕਮਿਸ਼ਨ ਅਤੇ ਜਨਗਣਨਾ ਦਾ ਕੰਮ ਕਰਨ ਲਈ ਸਰਕਾਰੀ ਸਕੂਲਾਂ ਦੇ ਅਧਿਆਪਕਾਂ ਨੂੰ ਬਤੌਰ ਬੀ.ਐੱਲ.ਓ.ਦੀ ਡਿਊਟੀ ਨਿਭਾਉਣ ਲਈ ਜਬਰੀ ਝੋਕਿਆ ਜਾ ਰਿਹਾ ਹੈ ਅਤੇ ਬੀ.ਐੱਲ.ਓ.ਨੂੰ ਸਕੂਲਾਂ ਤੋਂ ਫਾਰਗ ਕਰਕੇ ਸਮੇਂ ਸਿਰ ਵੋਟਾਂ ਦੀ ਸੁਧਾਈ ਦਾ ਕੰਮ ਪੂਰਾ ਕਰਨ ਦੇ ਹੁਕਮ ਚਾੜ੍ਹੇ ਜਾ ਰਹੇ ਹਨ। ਸਕੂਲਾਂ ਵਿੱਚ ਪਹਿਲਾਂ ਹੀ ਅਧਿਆਪਕਾਂ ਦੀ ਘਾਟ ਹੈ ਤੇ ਰਹਿੰਦੇ ਅਧਿਆਪਕਾਂ ਨੂੰ ਡਿਊਟੀ ਲਾਈ ਫਾਰਗ ਕਰਕੇ ਸਿੱਖਿਆ ਦਾ ਭੋਗ ਪਾਉਣ ਦੀ ਤਿਆਰੀ ਕੀਤੀ ਜਾ ਰਹੀ ਹੈ, ਇੱਕ ਪਾਸੇ ਸਕੂਲਾਂ ਵਿੱਚ ਬੱਚਿਆਂ ਦੀਆਂ ਘਰੇਲੂ ਪਰੀਖਿਆਵਾਂ ਚੱਲ ਰਹੀਆਂ ਹਨ ਤੇ ਦੂਸਰੇ ਪਾਸੇ ਉੱਚ ਅਧਿਕਾਰੀਆਂ ਵਲੋਂ ਬੱਚਿਆਂ ਦਾ ਦਾਖਲਾ ਨਾ ਵਧਾਉਣ ਕਰਕੇ ਅਧਿਆਪਕਾਂ ਨੂੰ ਕਾਰਨ ਦੱਸੋ ਨੋਟਿਸ ਜਾਰੀ ਕੀਤੇ ਜਾ ਰਹੇ ਹਨ। ਪੰਜਾਬ ਸਰਕਾਰ ਦੀ ਇਸ ਦੋਗਲੀ ਪਾਲਿਸੀ ਤੋਂ ਸਾਫ ਸਾਫ ਜਾਹਿਰ ਹੁੰਦਾ ਹੈ ਕਿ ਉਹ ਸਿੱਖਿਆ ਦੇ ਪੱਧਰ ਨੂੰ ਉੱਚਾ ਚੁੱਕਣ ਦੇ ਸਿਰਫ ਤੇ ਸਿਰਫ ਡਰਾਮੇ ਕਰ ਰਹੀ ਹੈ ਅਧਿਆਪਕਾਂ ਨੂੰ ਗੈਰ ਵਿੱਦਿਅਕ ਕੰਮਾਂ ਵਿੱਚ ਉਲਝਾਈ ਰੱਖਕੇ ਸਰਕਾਰੀ ਸਕੂਲਾਂ ਅਤੇ ਅਧਿਆਪਕਾਂ ਨੂੰ ਆਮ ਲੋਕਾਂ ਵਿੱਚ ਬਦਨਾਮ ਕਰਕੇ ਪੰਜਾਬ ਸਰਕਾਰ ਸਰਕਾਰੀ ਸਕੂਲਾਂ ਦਾ ਨਿੱਜੀਕਰਨ ਕਰਨ ਵੱਲ ਤੇਜੀ ਨਾਲ ਵੱਧਣਾ ਚਾਹੁੰਦੀ ਹੈ। ਗੰਰਮਿੰਟ ਟੀਚਰਜ ਯੂਨੀਅਨ

ਪੰਜਾਬ ਦੇ ਆਗੂਆਂ ਸੂਬਾ ਪ੍ਰਧਾਨ ਸੁਖਵਿੰਦਰ ਸਿੰਘ ਚਾਹਲ, ਜਨਰਲ ਸਕੱਤਰ ਗੁਰਬਿੰਦਰ ਸਿੰਘ ਸਸਕੌਰ, ਵਿੱਤ ਸਕੱਤਰ ਅਮਨਦੀਪ ਸ਼ਰਮਾਂ ਅਤੇ ਪ੍ਰੈਸ ਸਕੱਤਰ ਸੁਰਜੀਤ ਮੋਹਾਲੀ ਨੇ ਇਸ ਪ੍ਰਤੀ ਤਿੱਖੇ ਰੋਹ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਹਜਾਰਾਂ ਦੀ ਗਿਣਤੀ ਵਿੱਚ ਸਰਕਾਰੀ ਸਕੂਲਾਂ ਦੇ ਅਧਿਆਪਕਾਂ ਦੀਆਂ ਬਤੌਰ ਬੀ.ਐੱਲ.ਓ.ਡਿਊਟੀਆਂ ਲਗਾਈਆਂ ਗਈਆਂ ਹਨ, ਉਨ੍ਹਾਂ ਡਿਊਟੀਆਂ ਨੂੰ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਅਤੇ ਸਿੱਖਿਆ ਮੰਤਰੀ ਪੰਜਾਬ ਹਰਜੋਤ ਸਿੰਘ ਬੈਂਸ ਆਪਣੀ ਨਿੱਜੀ ਤੌਰ 'ਤੇ ਦਖਲਅੰਦਾਜੀ ਕਰਕੇ ਅਧਿਆਪਕਾਂ ਦੀਆਂ ਬੀ.ਐੱ.ਓ.ਅਤੇ ਹੋਰ ਗੈਰ ਵਿੱਦਿਅਕ ਕੰਮਾਂ ਦੀਆਂ ਡਿਊਟੀਆਂ ਕਟਵਾਉਣ ਦੇ ਉਪਰਾਲੇ ਗੰਭੀਰਤਾ ਨਾਲ ਕਰਨ ਤਾਂ ਜੋ ਸਮੂਹ ਅਧਿਆਪਕ ਬਿਨਾਂ ਕਿਸੇ ਗੈਰ ਵਿੱਦਿਅਕ ਕੰਮ ਦੀ ਡਿਊਟੀ ਤੋਂ ਮੁਕਤ ਹੋ ਕੇ ਪੂਰੇ ਸ਼ਾਂਤ ਮਨਾਂ ਨਾਲ ਸਰਕਾਰੀ ਸਕੂਲਾਂ ਵਿੱਚ ਪੜ੍ਹਦੇ ਗਰੀਬ ਵਰਗ ਦੇ ਲੋਕਾਂ ਦੇ ਬੱਚਿਆਂ ਨੂੰ ਸਿੱਖਿਆ ਦੇਣ ਦਾ ਅਸਲ ਕਾਰਜ ਪੂਰਾ ਕਰ ਸਕਣ ਅਤੇ ਪੰਜਾਬ ਸਰਕਾਰ ਨੇ ਸਰਕਾਰੀ ਸਕੂਲਾਂ ਦੀ ਸਿੱਖਿਆ ਦੇ ਪੱਧਰ ਨੂੰ ਉੱਚਾ ਚੁੱਕਣ ਦਾ ਜੋ ਸੁਪਨਾ ਲਿਆ ਹੈ, ਉਸਨੂੰ ਪੂਰਾ ਕਰਨ ਵਿੱਚ ਸਮੁੱਚਾ ਅਧਿਆਪਕ ਵਰਗ ਗੰਭੀਰਤਾ ਨਾਲ ਯੋਗਦਾਨ ਪਾ ਸਕੇ। ਗੌਰਮਿੰਟ ਟੀਚਰਜ ਯੂਨੀਅਨ ਦੇ ਸਮੁੱਚੇ ਆਗੂਆਂ ਨੇ ਪੰਜਾਬ ਸਰਕਾਰ ਅਤੇ ਚੋਣ ਕਮਿਸ਼ਨ ਪੰਜਾਬ ਤੋਂ ਜੋਰਦਾਰ ਢੰਗ ਨਾਲ ਮੰਗ ਕੀਤੀ ਕਿ ਪੰਜਾਬ ਸਰਕਾਰ ਜਾਂ ਚੋਣ ਕਮਿਸ਼ਨ ਪੰਜਾਬ ਜੋ ਗੈਰ ਵਿੱਦਿਅਕ ਕੰਮ ਅਧਿਆਪਕਾਂ ਤੋਂ ਕਰਵਾਉਂਦੇ ਹਨ, ਉਹਨਾਂ ਨੂੰ ਕਰਵਾਉਣ ਲਈ ਵੱਖਰੇ ਵਿਭਾਗ ਦੀ ਸਥਾਪਨਾ ਵੀ ਤੁਰੰਤ ਕਰਨ ਵੱਲ ਗੰਭੀਰਤਾ ਨਾਲ ਧਿਆਨ ਦੇ ਕੇ ਮੰਤਰੀ ਮੰਡਲ ਵਿੱਚ ਵਿਚਾਰ ਕਰਨ ਤਾਂ ਜੋ ਪੰਜਾਬ ਵਿੱਚ ਲੱਖਾਂ ਦੀ ਗਿਣਤੀ ਵਿੱਚ ਵਿਹਲੇ ਫਿਰਦੇ ਅਤੇ ਰੁਜਗਾਰ ਦੀ ਪ੍ਰਾਪਤੀ ਲਈ ਸੰਘਰਸ਼ ਕਰ ਰਹੇ ਨੌਜਵਾਨਾਂ ਨੂੰ ਜ਼ਿਦਗੀ ਜਿਉਣ ਯੋਗ ਰੁਜਗਾਰ ਮਿਲ ਸਕੇ। ਆਗੂਆਂ ਨੇ ਇਹ ਵੀ ਮੰਗ ਕੀਤੀ ਕਿ ਜਿੰਨਾ ਸਮਾਂ ਉਪਰੋਕਤ ਮੰਗ ਅਮਲ ਵਿੱਚ ਲਾਗੂ ਨਹੀਂ ਹੁੰਦੀ, ਉੱਨਾ ਸਮਾਂ ਬਤੌਰ ਬੀ.ਐੱਲ.ਓ.ਦੀ ਡਿਊਟੀ ਦੇ ਰਹੇ ਅਧਿਆਪਕਾਂ ਦੀ ਨਿੱਜੀ ਸੁਰੱਖਿਆ ਨੂੰ ਹਰ ਪੱਧਰ 'ਤੇ ਯਕੀਨੀ ਬਣਾਇਆ ਜਾਵੇ ਅਤੇ ਬੀ.ਐੱਲ.ਓ.ਦੀ ਡਿਊਟੀ ਪੂਰੀ ਕਰਨ ਲਈ ਲੋੜੀਂਦਾ ਲੈਪਟੌਪ ਅਤੇ ਨੈੱਟਪੈਕ ਅਤੇ ਹੋਰ ਜਰੂਰਤਾਂ ਫੌਰੀ ਪੱਧਰ 'ਤੇ ਪੂਰੀਆਂ ਕੀਤੀਆਂ ਜਾਣ। ਗਜਟਿਡ ਛੁੱਟੀਆਂ ਵਿੱਚ ਕੰਮ ਕਰਨ ਬਦਲੇ ਸਮੁੱਚੇ ਬੀ.ਐੱਲ.ਓ.ਅਧਿਆਪਕਾਂ ਨੂੰ ਕਮਾਈ ਛੁੱਟੀ ਮਿਲਣੀ ਯਕੀਨੀ ਬਣਾਈ ਜਾਵੇ। ਇਸ ਸਮੇਂ ਸਹਾਇਕ ਪ੍ਰੈਸ ਸਕੱਤਰ ਕਰਨੈਲ ਫਿਲੌਰ ਸਮੇਤ ਤੀਰਥ ਸਿੰਘ ਬਾਸੀ, ਮਨੋਹਰ ਲਾਲ ਸ਼ਰਮਾਂ, ਗੁਰਦੀਪ ਬਾਜਵਾ, ਬਲਵਿੰਦਰ ਸਿੰਘ ਭੁੱਟੋ, ਕੁਲਦੀਪ ਸਿੰਘ ਪੂਰੋਵਾਲ, ਗੁਰਪ੍ਰੀਤ ਅੰਮੀਵਾਲ਼, ਜੱਜਪਾਲ ਬਾਜੇਕੇ, ਹਰਿੰਦਰ ਬਰਨਾਲਾ, ਗੁਰਦਾਸ ਮਾਨਸਾ, ਸੁਭਾਸ਼ ਪਠਾਨਕੋਟ, ਸੁਖਚੈਨ ਕਪੂਰਥਲਾ, ਬੋਧ ਰਾਜ, ਪ੍ਰਭਜੀਤ ਸਿੰਘ ਰਸੂਲਪੁਰ, ਦੇਵੀ ਦਿਆਲ, ਸਤਵੰਤ ਸਿੰਘ, ਪੁਸ਼ਪਿੰਦਰ ਹਰਪਾਲਪੁਰ, ਜਗਜੀਤ ਸਿੰਘ ਮਾਨ, ਸੁੱਚਾ ਸਿੰਘ, ਪਰਮਜੀਤ ਸਿੰਘ ਸ਼ੋਰੇਵਾਲ, ਦਿਲਦਾਰ ਸਿੰਘ ਭੰਡਾਲ਼, ਮਨਜੀਤ ਬਰਾੜ, ਸਰਬਜੀਤ ਬਰਾੜ, ਰਵਿੰਦਰ ਸਿੰਘ ਪੱਪੀ, ਨਰਿੰਦਰ ਸਿੰਘ, ਦਿਲਬਾਗ ਸਿੰਘ ਆਦਿ ਹਾਜਰ ਸਨ।

ਸੁਤੰਤਰਤਾ ਦਿਵਸ ਮੌਕੇ ਭਗਵੰਤ ਮਾਨ ਪਟਿਆਲਾ ਵਿਖੇ ਲਹਿਰਾਉਣਗੇ ਕੌਮੀ ਝੰਡਾ

ਚੰਡੀਗੜ੍ਹ (ਗੁਰਜੀਤ ਬਿੱਲਾ)- ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਸੁਤੰਤਰਤਾ ਦਿਵਸ ਮੌਕੇ ਪਟਿਆਲਾ ਵਿਖੇ ਸੂਬਾ ਪੱਧਰੀ ਸਮਾਗਮ ਦੌਰਾਨ ਕੌਮੀ ਝੰਡਾ ਲਹਿਰਾਉਣਗੇ। ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਹੁਸ਼ਿਆਰਪੁਰ ਵਿਖੇ ਅਤੇ ਡਿਪਟੀ ਸਪੀਕਰ ਪੰਜਾਬ ਵਿਧਾਨ ਸਭਾ ਜੈ ਕ੍ਰਿਸ਼ਨ ਸਿੰਘ ਰੋੜੀ ਜਲੰਧਰ ਵਿਖੇ ਕੌਮੀ ਝੰਡਾ ਲਹਿਰਾਉਣਗੇ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਅੰਮ੍ਰਿਤਸਰ ਵਿਖੇ, ਨਵੀਂ ਤੇ ਨਵਿਆਉਣਯੋਗ ਊਰਜਾ ਸਰੋਤ ਅਤੇ ਛਪਾਈ ਤੇ ਸਟੇਸ਼ਨਰੀ ਮੰਤਰੀ ਅਮਨ ਅਰੋੜਾ ਐਸ.ਏ.ਐਸ. ਨਗਰ ਵਿਖੇ, ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਬਠਿੰਡਾ, ਜਲ ਸਰੋਤ, ਖਾਣਾਂ ਤੇ ਭੂ-ਵਿਗਿਆਨ, ਖੇਡਾਂ ਤੇ ਯੁਵਕ ਸੇਵਾਵਾਂ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਸੰਗਰੂਰ ਵਿਖੇ, ਪਰਵਾਸੀ ਭਾਰਤੀ ਮਾਮਲੇ ਅਤੇ ਪ੍ਰਸਾਸਨਿਕ ਸੁਧਾਰ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਸਹੀਦ ਭਗਤ ਸਿੰਘ ਨਗਰ ਵਿਖੇ, ਸਿਹਤ ਤੇ ਪਰਵਾਰ ਭਲਾਈ ਅਤੇ ਮੈਡੀਕਲ ਸਿੱਖਿਆ ਤੇ ਖੋਜ ਮੰਤਰੀ ਡਾ. ਬਲਬੀਰ ਸਿੰਘ ਬਰਨਾਲਾ ਵਿਖੇ, ਮਾਲ, ਜਲ ਸਪਲਾਈ ਤੇ ਸੈਨੀਟੇਸਨ ਮੰਤਰੀ ਬ੍ਰਹਮ ਸੰਕਰ ਜਿੰਪਾ ਫਿਰੋਜਪੁਰ ਵਿਖੇ, ਖੁਰਾਕ, ਸਿਵਲ ਸਪਲਾਈ ਤੇ ਖਪਤਕਾਰ ਮਾਮਲੇ, ਵਣ ਤੇ ਜੰਗਲੀ ਜੀਵ ਸੁਰੱਖਿਆ ਮੰਤਰੀ ਲਾਲ ਚੰਦ ਕਟਾਰੂਚੱਕ ਰੂਪਨਗਰ ਵਿਖੇ, ਟਰਾਂਸਪੋਰਟ, ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਲਾਲਜੀਤ ਸਿੰਘ ਭੁੱਲਰ ਗੁਰਦਾਸਪੁਰ ਵਿਖੇ, ਸਕੂਲ ਸਿੱਖਿਆ, ਉਚੇਰੀ ਸਿੱਖਿਆ ਤੇ ਤਕਨੀਕੀ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਲੁਧਿਆਣਾ ਵਿਖੇ, ਬਿਜਲੀ ਤੇ ਲੋਕ ਨਿਰਮਾਣ ਮੰਤਰੀ ਹਰਭਜਨ ਸਿੰਘ ਈ.ਟੀ.ਓ. ਪਠਾਨਕੋਟ ਵਿਖੇ, ਸੂਚਨਾ ਤੇ ਲੋਕ ਸੰਪਰਕ, ਰੱਖਿਆ ਸੇਵਾਵਾਂ ਭਲਾਈ ਤੇ ਸੁਤੰਤਰਤਾ ਸੈਨਾਨੀ ਮੰਤਰੀ ਚੇਤਨ ਸਿੰਘ ਜੌੜਾਮਾਜਰਾ ਤਰਨਤਾਰਨ ਵਿਖੇ, ਕਿਰਤ, ਸੈਰ ਸਪਾਟਾ ਤੇ ਸੱਭਿਆਚਾਰਕ ਮਾਮਲੇ ਮੰਤਰੀ ਅਨਮੋਲ ਗਗਨ ਮਾਨ ਮਾਨਸਾ ਵਿਖੇ, ਸਥਾਨਕ ਸਰਕਾਰਾਂ ਅਤੇ ਸੰਸਦੀ ਮਾਮਲਿਆਂ ਬਾਰੇ ਮੰਤਰੀ ਬਲਕਾਰ ਸਿੰਘ ਫਾਜ਼ਿਲਕਾ ਵਿਖੇ ਅਤੇ ਖੇਤੀਬਾੜੀ ਤੇ ਪਸ਼ੂ ਪਾਲਣ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਫਰੀਦਕੋਟ ਵਿਖੇ ਕੌਮੀ ਝੰਡਾ ਲਹਿਰਾਉਣਗੇ।

ਨਰੇਗਾ ਮੁਲਾਜ਼ਮਾਂ ਵੱਲੋਂ ਵਿਕਾਸ ਭਵਨ ਵਿਖੇ ਧਰਨਾ 24 ਨੂੰ

ਮੋਹਾਲੀ (ਨਵਾਂ ਜ਼ਮਾਨਾ ਸਰਵਿਸ) ਆਪਣੀਆਂ ਸੇਵਾਵਾਂ ਨੂੰ ਪੰਚਾਇਤ ਵਿਭਾਗ ਵਿੱਚ ਰੈਗੂਲਰ ਕਰਵਾਉਣ ਦੀ ਮੰਗ ਨੂੰ ਲੈ ਕੇ ਲੰਬੇ ਸਮੇਂ ਤੋਂ ਲੜਾਈ ਲੜੀ ਰਹੇ ਪੰਜਾਬ ਦੇ ਨਰੇਗਾ ਮੁਲਾਜਮਾਂ ਨੇ ਮੁੜ ਤੋਂ ਸੰਘਰਸ਼ ਦਾ ਬਿਗੁਲ ਵਜਾ ਦਿੱਤਾ ਹੈ। ਇੱਥੇ ਵਿਕਾਸ ਭਵਨ ਵਿਖੇ ਅਲਟੀਮੇਟਮ ਦੇਣ ਪੁੱਜੇ ਨਰੇਗਾ ਕਰਮਚਾਰੀ ਯੂਨੀਅਨ ਪੰਜਾਬ ਦੇ ਸੂਬਾਈ ਪ੍ਰਧਾਨ ਮਨਸੇ ਖਾਂ ਨੇ ਬਿਆਨ ਜਾਰੀ ਕਰਦਿਆਂ ਦੱਸਿਆ ਕਿ ਪੰਚਾਇਤ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਵੱਲੋਂ 30 ਨਵੰਬਰ 2022 ਨੂੰ ਪੈਨਲ ਮੀਟਿੰਗ ਕਰਕੇ ਇੱਕ ਮਹੀਨੇ ਦੌਰਾਨ ਰਿਕਾਰਡ ਮੁਕੰਮਲ ਕਰਕੇ ਸਰਕਾਰ ਨੂੰ ਭੇਜਣ ਦੇ ਹੁਕਮ ਜਾਰੀ ਕੀਤੇ ਸਨ ਪ੍ਰੰਤੂ ਵਿਭਾਗ ਦੀ ਅਫਸਰਸਾਹੀ ਦਸ ਮਹੀਨੇ ਬੀਤ ਜਾਣ ਬਾਅਦ ਵੀ ਮਾਮਲੇ ਨੂੰ ਜਾਣਬੁੱਝ ਕੇ ਅਣਗੌਲਿਆਂ ਕਰ ਰਹੀ ਹੈ। ਵਾਰ-ਵਾਰ ਯੂਨੀਅਨ ਦਾ ਵਫਦ ਉੱਚ ਅਧਿਕਾਰੀਆਂ ਨੂੰ ਮਿਲਦਾ ਵੀ ਰਿਹਾ ਹੈ ਅਤੇ ਮੀਟਿੰਗ ਲਈ ਸਮੇਂ ਦੀ ਮੰਗ ਕਰਦਾ ਰਿਹਾ। ਡਿਪਟੀ ਕਮਿਸ਼ਨਰਾਂ ਅਤੇ ਵਧੀਕ ਡਿਪਟੀ ਕਮਿਸ਼ਨਰਾਂ ਰਾਹੀਂ ਸਾਰੇ ਪੰਜਾਬ ਵਿੱਚੋਂ ਮੰਗ ਪੱਤਰ ਵੀ ਭੇਜੇ ਜਾ ਚੁੱਕੇ ਹਨ। ਵਿਭਾਗ ਦੇ ਮੰਤਰੀ ਲਾਲਜੀਤ ਸਿੰਘ ਭੁੱਲਰ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਵੀ ਮੰਗ ਪੱਤਰ ਭੇਜੇ ਗਏ। ਪੰਚਾਇਤ ਮੰਤਰੀ ਭੁੱਲਰ ਨੇ ਫੋਨ ਰਾਹੀਂ ਵੀ ਵਿਭਾਗ ਦੇ ਉੱਚ ਅਧਿਕਾਰੀਆਂ ਨੂੰ ਮਸਲਾ ਹੱਲ ਕਰਨ ਦੇ ਨਿਰਦੇਸ਼ ਦਿੱਤੇ ਪ੍ਰੰਤੂ ਅਫਸਰਸ਼ਾਹੀ ਵੱਲੋਂ ਨਾ ਤਾਂ ਕੋਈ ਅਗਲੇਰੀ ਕਾਰਵਾਈ ਕੀਤੀ ਗਈ ਅਤੇ ਨਾ ਹੀ ਯੂਨੀਅਨ ਨੂੰ ਮੀਟਿੰਗ ਲਈ ਸਮਾਂ ਦਿੱਤਾ ਗਿਆ। ਉਨ੍ਹਾਂ ਕਿਹਾ ਕਿ ਰੈਗੂਲਰ ਦੀ ਮੰਗ ਦੇ ਨਾਲ-ਨਾਲ ਈਪੀਐੱਫ ਕੱਟਣ ਵਿੱਚ ਪਾਈਆਂ ਤਰੁੱਟੀਆਂ, ਈਐੱਸਆਈ ਲਾਗੂ ਕਰਨਾ, ਮੌਤ ਦੇ ਕੇਸਾਂ ਵਿੱਚ ਵਾਰਿਸ ਨੂੰ ਨੌਕਰੀ, ਕੱਢੇ ਗਏ ਮੁਲਾਜਮਾਂ ਨੂੰ ਬਹਾਲ, ਸਾਲਾਨਾ ਇੰਕਰੀਮੈਂਟ ਸਮੇਤ ਅਨੇਕਾਂ ਮਸਲਿਆਂ ਦਾ ਵੀ ਲੰਬੇ ਸਮੇਂ ਤੋਂ ਕੋਈ ਹੱਲ ਨਹੀਂ ਕੀਤਾ ਜਾ ਰਿਹਾ। ਦੂਜੇ ਪਾਸੇ ਕੰਮ ਦਾ ਬੇਤਹਾਸ਼ਾ ਬੋਝ ਅਤੇ ਨਿਗੂਣੀਆਂ ਤਨਖਾਹਾਂ, ਉਧਾਰ ਮਟੀਰੀਅਲ ਚੁੱਕ ਕੇ ਵਿਕਾਸ ਕਾਰਜ ਕਰਵਾਉਣ ਦਾ ਦਬਾਅ ਮੁਲਾਜਮਾਂ ਨੂੰ ਮੌਤ ਦੇ ਮੂੰਹ ਵਿੱਚ ਧੱਕ ਰਿਹਾ ਹੈ। ਬਹੁਤੇ ਨੌਕਰੀ ਛੱਡ ਰਹੇ ਹਨ, ਬਹੁਤੇ ਮਾਨਸਿਕ ਰੋਗਾਂ ਤੋਂ ਪੀੜਤ ਹੋ ਰਹੇ ਹਨ। ਇਸ ਲਈ ਸੂਬਾ ਕਮੇਟੀ ਫੈਸਲਾ ਕੀਤਾ ਗਿਆ ਹੈ ਕਿ 24 ਅਗਸਤ ਨੂੰ ਪੰਜਾਬ ਪੱਧਰ ਦਾ ਵਿਸ਼ਾਲ ਇਕੱਠ ਕਰਕੇ ਵਿਕਾਸ ਭਵਨ ਮੋਹਾਲੀ ਵਿਖੇ ਧਰਨਾ ਦਿੱਤਾ ਜਾਵੇਗਾ। ਇਸ ਸਮੇਂ ਅੰਮ੍ਰਿਤਪਾਲ ਸਿੰਘ ਜਨਰਲ ਸਕੱਤਰ, ਅਮਰੀਕ ਸਿੰਘ ਮਹਿਰਾਜ ਸੂਬਾ ਪ੍ਰੈੱਸ ਸਕੱਤਰ, ਈਸ਼ਰਪਾਲ ਸਿੰਘ ਸੀਨੀਅਰ ਮੀਤ ਪ੍ਰਧਾਨ, ਗੁਰਕਾਬਲ ਸਿੰਘ ਸਲਾਹਕਾਰ, ਗੁਰਪ੍ਰੀਤ ਸਿੰਘ ਪ੍ਰਿੰਸ ਜ਼ਿਲ੍ਹਾ ਪ੍ਰਧਾਨ ਬਰਨਾਲਾ, ਭਰਤ ਕੁਮਾਰ ਜੇ.ਈ ਆਦਿ ਹਾਜਰ ਸਨ।

ਪੁਲਸ ਸਟੇਸ਼ਨ 'ਚ ਸਪਰੇਅ ਤੇ ਡੇਂਗੂ ਕੰਟੇਨਰ ਸਰਵੇ

ਨੂਰਪੁਰ ਬੇਦੀ (ਸੁਰਜੀਤ ਸਿੰਘ ਕਾਹਲੋਂ)- ਡਾ. ਪਰਮਿੰਦਰ ਕੁਮਾਰ ਸਿਵਲ ਸਰਜਨ ਰੂਪਨਗਰ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਡਾਕਟਰ ਵਿਧਾਨ ਚੰਦਰ ਦੀ ਅਗਵਾਈ ਹੇਠ ਬਲਾਕ ਨੂਰਪੁਰ ਬੇਦੀ ਦੇ ਵੱਖ-ਵੱਖ ਪੁਲਸ ਸਟੇਸ਼ਨਾਂ ਵਿੱਚ ਫੌਗਿੰਗ ਸਪਰੇਅ ,ਡੇਂਗੂ ਕੰਟੇਨਰ ਸਰਵੇ ਕਰਾਇਆ ਗਿਆ। ਡਾਕਟਰ ਵਿਧਾਨ ਚੰਦਰ ਨੇ ਦੱਸਿਆ ਕਿ ਡੇਂਗੂ, ਮਲੇਰੀਆ, ਚਿਕਨਗੁਨੀਆਂ ਆਦਿ ਬਿਮਾਰੀਆਂ ਫੈਲ਼ਾਉਣ ਵਾਲੇ ਮੱਛਰਾਂ ਦੇ ਲਾਰਵੇ ਦੀ ਪੈਦਾਇਸ਼ ਨੂੰ ਰੋਕਣ ਲਈ ਹਰ ਸ਼ੁੱਕਰਵਾਰ ਨੂੰ ਡੇਂਗੂ ਵਾਰ ਮਨਾਉਣ ਲਈ ਕਿਹਾ ਗਿਆ ਹੈ। ਇਸ ਲਈ ਆਉਣ ਵਾਲੇ ਸਮੇਂ ਵਿਚ ਮਲੇਰੀਆ/ ਡੇਂਗੂ ਦੇ ਖਤਰੇ ਨੂੰ ਮੁੱਖ ਰਖਦੇ ਹੋਏ ਅਗਾਊਂ ਪ੍ਰਬੰਧਾਂ ਤਹਿਤ ਹੁਣ ਤੋਂ ਹੀ ਹਰ ਸ਼ੁੱਕਰਵਾਰ ਨੂੰ ਡੇਂਗੂ ਵਾਰ ਮਨਾਉਣ ਲਈ ਨਿਰਦੇਸ਼ ਹੋਏ ਹਨ, ਤਾਂ ਜੋ ਮੱਛਰਾਂ ਦੇ ਲਾਰਵੇ ਨੂੰ ਪੈਦਾ ਹੀ ਨਾ ਹੋਣ ਦਿੱਤਾ ਜਾਵੇ। ਉਹਨਾਂ ਦੁਆਰਾ ਖੁਸ਼ਕ ਦਿਵਸ ਮਨਾਉਣ ਤਹਿਤ ਘਰ-ਘਰ ਜਾ ਕੇ ਪਾਣੀ ਦੇ ਸਰੋਤਾ ਦੀ ਚੈਕਿੰਗ ਕਰਨ ਲਈ ਕਿਹਾ ਗਿਆ ਹੈ। ਉਹਨਾਂ ਸਮੂਹ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਆਪਣੀ ਨਿੱਜੀ ਜਿੰਮੇਵਾਰੀ ਸਮਝਦੇ ਹੋਏ ਆਪਣੇ ਘਰਾਂ ਅਤੇ ਆਸ-ਪਾਸ ਪਾਣੀ ਨਾ ਖੜਾ ਹੋਣ ਦੇਣ ਮੱਛਰ ਪੈਦਾ ਹੋਣ ਵਾਲੀਆਂ ਥਾਂਵਾ ਜਿਵੇਂ

ਕਿ ਕੂਲਰ, ਗਮਲਿਆਂ, ਫਰਿਜਾਂ ਦੀਆਂ ਟਰੇਆਂ, ਫਲਾਵਰ ਪੋਟ, ਪੰਛੀਆਂ ਦੇ ਪਾਣੀ ਪਿਲਾਉਣ ਲਈ ਰੱਖੇ ਬਰਤਨ ਨੂੰ ਘੱਟੋ-ਘੱਟ ਹਫਤੇ ਵਿਚ ਇੱਕ ਵਾਰੀ ਜਰੂਰ ਪਾਣੀ ਨੂੰ ਕੱਢ ਕੇ ਸੁੱਕਾ ਕੇ ਸਾਫ ਕਰਨ ਅਤੇ ਘਰਾਂ ਦੀਆਂ ਛੱਤਾਂ 'ਤੇ ਪਏ ਟੁੱਟੇ-ਫੁੱਟੇ ਬਰਤਨਾਂ ਨੂੰ ਮੂਧਾ ਮਾਰਨ ਜਾਂ ਨਸ਼ਟ ਕਰਨ। ਉਹਨਾਂ ਕਿਹਾ ਕਿ ਸਿਹਤ ਟੀਮਾਂ ਵੱਲੋਂ ਘਰ-ਘਰ ਚੈਕਿੰਗ ਦੌਰਾਨ ਵੀ ਲੋਕਾਂ ਨ

5-AUG-PAGE-10.qxd 8/4/2023 9:28 PM Page 1

ਹੜ੍ਹ ਦੇ ਪਾਣੀ ਦੀ ਨਿਕਾਸੀ ਨੂੰ ਲੈ ਕੇ ਦੋ ਧਿਰਾਂ ਆਹਮੋ-ਸਾਹਮਣੇ

■ ਸੜਕ ਕਿਨਾਰੇ ਮਿੱਟੀ ਪਾ ਕੇ ਪਾਣੀ ਦੀ ਨਿਕਾਸੀ ਰੋਕੀ

ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ) ਘੱਗਰ ਦਰਿਆ ਵਿੱਚ ਆਏ ਭਿਆਨਕ ਹੜ੍ਹਾਂ ਦੇ ਚੱਲਦਿਆਂ ਇਸ ਅਧੀਨ ਆਉਂਦੇ ਇਲਾਕਿਆਂ ਵਿੱਚ ਭਿਆਨਕ ਤਬਾਹੀ ਹੋਈ ਹੈ। ਦਰਿਆ ਵਿੱਚ ਪਾਣੀ ਦਾ ਪੱਧਰ ਘਟ ਜਾਣ ਦੇ ਬਾਵਜੂਦ ਹੜ੍ਹ ਮਾਰੇ ਇਲਾਕਿਆਂ ਵਿੱਚ ਲੋਕਾਂ ਨੂੰ ਸਮੱਸਿਆਵਾਂ ਨਾਲ ਦੋ-ਚਾਰ ਹੋਣਾ ਪੈ ਰਿਹਾ ਹੈ। ਨੀਵੇਂ ਇਲਾਕਿਆਂ ਵਿੱਚ ਭਰਿਆ ਹੜ੍ਹਾਂ ਦਾ ਪਾਣੀ ਲੋਕਾਂ ਲਈ ਸਿਰਦਰਦੀ ਬਣਿਆ ਹੋਇਆ ਹੈ। ਇਸ ਦੌਰਾਨ ਸਬ ਡਵੀਜ਼ਨ ਪਾਤੜਾਂ ਅਧੀਨ ਆਉਂਦੇ ਘੱਗਰ ਪਾਰਲੇ ਪਿੰਡ ਮਤੋਲੀ 'ਚ ਹੜ੍ਹਾਂ ਦੌਰਾਨ ਆਏ ਪਾਣੀ ਨੂੰ ਖੇਤਾਂ 'ਚੋਂ ਕੱਢਣ ਨੂੰ ਲੈ ਕੇ ਪਿੰਡ ਦੀਆਂ ਦੋ ਧਿਰਾਂ ਵਿੱਚ ਆਪਸੀ ਤਕਰਾਰਬਾਜ਼ੀ ਕਰਕੇ ਸਥਿਤੀ ਤਣਾਅਪੂਰਣ ਬਣੀ ਹੋਈ ਹੈ। ਮਾਮਲੇ ਦਾ ਪਤਾ ਲੱਗਦਿਆਂ ਹੀ ਨਾਇਬ ਤਹਿਸੀਲਦਾਰ ਪਾਤੜਾਂ ਕਰਮਜੀਤ ਸਿੰਘ, ਐੱਸ ਡੀ ਓ ਪੀ ਡਬਲਿਊ ਡੀ ਦੀਪਕ ਸ਼ਰਮਾ ਤੇ ਏ ਐੱਸ ਆਈ ਜਗਤਾਰ ਰਾਮ ਨੇ ਮੌਕੇ 'ਤੇ ਪਹੁੰਚ ਕੇ ਸਥਿਤੀ ਦਾ ਜਾਇਜ਼ਾ ਲੈਂਦਿਆਂ ਲੋਕਾਂ ਨੂੰ ਸ਼ਾਂਤ ਕਰਨ ਦੀ ਕੋਸ਼ਿਸ਼ ਕੀਤੀ, ਪਰ ਦੋਵੇਂ ਧਿਰਾਂ ਆਪਣੀ ਜ਼ਿੱਦ 'ਤੇ ਅੜੀਆਂ ਹੋਈਆਂ ਹਨ। ਜਾਣਕਾਰੀ ਦਿੰਦਿਆਂ ਸੁਖਵਿੰਦਰ ਸਿੰਘ, ਸਾਹਿਬ ਸਿੰਘ, ਅਮਰਜੀਤ ਸਿੰਘ, ਬਲਵੀਰ ਸਿੰਘ, ਮੇਜਰ ਸਿੰਘ ਨੰਬਰਦਾਰ, ਦਰਸ਼ਨ ਸਿੰਘ, ਜੱਗਾ ਸਿੰਘ, ਦਿਲਬਾਗ ਸਿੰਘ ਕਾਂਗਥਲਾ, ਗੁਰਦੇਵ ਸਿੰਘ ਕਾਂਗਥਲਾ, ਤਰਸੇਮ ਸਿੰਘ ਕਾਂਗਥਲਾ ਆਦਿ ਨੇ ਦੱਸਿਆ ਕਿ ਪਿੰਡ ਮਤੋਲੀ ਤੋਂ ਸ਼ੁਤਰਾਣਾ ਘੱਗਰ ਦਰਿਆ ਦੇ ਪੁਲ ਤੱਕ ਪਿਛਲੇ ਸਾਲ ਸੜਕ ਬਣੀ ਹੈ। ਉਨ੍ਹਾਂ ਕਿਹਾ ਕਿ ਦੂਜੀ ਧਿਰ ਦੇ ਪਰਿਵਾਰ ਦੇ ਹੀ ਸਰਪੰਚ ਹਨ, ਜਿਨ੍ਹਾਂ ਨੇ ਧੱਕੇ ਨਾਲ ਪਿੰਡ ਦੀ ਫਿਰਨੀ ਤੋਂ ਸੜਕ ਬਣਵਾਈ ਸੀ ਤੇ ਹੁਣ ਆਪ ਹੀ ਸੜਕ ਤੋੜ ਰਹੇ ਹਨ। ਇਸ ਦੌਰਾਨ ਸਾਹਿਬ ਸਿੰਘ ਨੇ ਕਿਹਾ ਕਿ ਸੜਕ ਦੇ ਦੋਵੇਂ ਪਾਸੇ ਸਾਡੀ ਜ਼ਮੀਨ ਪੈਂਦੀ ਹੈ। ਉਨ੍ਹਾ ਕਿਹਾ ਕਿ ਦੂਜੀ ਧਿਰ ਵੱਲੋਂ ਧੱਕੇ ਨਾਲ ਪਹਿਲਾਂ ਤਾਂ ਸੜਕ ਤੋੜੀ ਗਈ ਤੇ ਹੁਣ ਆਪ ਹੀ ਪ੍ਰਸ਼ਾਸਨ ਨੂੰ ਬੁਲਾ ਰਹੇ ਹਨ। ਉਨ੍ਹਾ ਕਿਹਾ ਕਿ ਹੜ੍ਹਾਂ ਦੌਰਾਨ ਪਾਣੀ ਦਾ ਲੰਘਣਾ ਬਿਲਕੁਲ ਸਹੀ ਰਿਹਾ ਹੈ। ਦੂਜੀ ਧਿਰ ਨੇ ਸਾਗਰਾ ਪਿੰਡ ਤੋਂ ਪਾਣੀ ਦੀ ਨਿਕਾਸੀ ਵਾਲੀ ਡਰੇਨ ਲੰਘਦੀ ਸੀ, ਜੋ ਕਿ ਇਨ੍ਹਾਂ ਨੇ ਹੌਲੀ-ਹੌਲੀ ਵਾਹ ਕੇ ਆਪਣੀ ਜ਼ਮੀਨ ਵਿੱਚ ਰਲਾ ਲਈ ਹੈ ਤੇ ਘੱਗਰ 'ਚ ਜਾਣ ਵਾਲੀ ਪਾਣੀ ਦੀ ਨਿਕਾਸੀ ਲਈ ਬਣੀ ਹੋਈ ਚਾਰ ਫੁੱਟ ਦੀ ਪੁਲੀ ਨੂੰ ਕੰਧ ਕੱਢ ਕੇ ਬੰਦ ਕਰ ਦਿੱਤਾ ਹੈ। ਉਸ ਵਿੱਚ ਸਿਰਫ 9 ਇੰਚ ਦਾ ਹੀ ਪਾਈਪ ਦੱਬਿਆ ਹੋਇਆ ਹੈ, ਜਿਸ ਕਾਰਨ ਹੜ੍ਹਾਂ ਦਾ ਪਾਣੀ ਘੱਗਰ 'ਚ ਜਾਣਾ ਘੱਟ ਗਿਆ ਹੈ। ਉਨ੍ਹਾ ਕਿਹਾ ਕਿ ਸੜਕ ਤੋੜ ਕੇ ਪਾਣੀ ਲੰਘਾਉਣ ਨਾਲ ਤਿੰਨ ਪਿੰਡਾਂ ਦੀ ਫਸਲ ਬਰਬਾਦ ਹੋ ਜਾਵੇਗੀ।

ਦੂਜੀ ਧਿਰ ਦੇ ਵਿਅਕਤੀਆਂ ਸੁਖਵਿੰਦਰ ਸਿੰਘ, ਗੁਰਮੀਤ ਸਿੰਘ, ਅਮ੍ਰਿਤਪਾਲ ਸਿੰਘ, ਜਗਮੀਤ ਸਿੰਘ, ਗੁਰਜੀਤ ਸਿੰਘ, ਜਰਨੈਲ ਸਿੰਘ, ਗੁਲਾਬ ਸਿੰਘ, ਬਿਕਰਮਜੀਤ ਸਿੰਘ ਤੇ ਜੰਗੀਰ ਸਿੰਘ ਨੇ ਦੱਸਿਆ ਕਿ ਹਰ ਵਾਰ ਹੜ੍ਹਾਂ ਤੇ ਬਰਸਾਤ ਦਾ ਪਾਣੀ ਇਸੇ ਤਰ੍ਹਾਂ ਹੀ ਲੰਘਦਾ ਸੀ, ਕੁਝ ਵਿਅਕਤੀਆਂ ਵੱਲੋਂ ਸ਼ਰਾਰਤ ਕਰਕੇ ਸੜਕ ਉੱਪਰ ਬੰਨ੍ਹ ਲਗਾ ਕੇ ਪਾਣੀ ਰੋਕਿਆ ਜਾ ਰਿਹਾ ਹੈ। ਇਸ ਦੌਰਾਨ ਨਾਇਬ ਤਹਿਸੀਲਦਾਰ ਪਾਤੜਾਂ ਕਰਮਜੀਤ ਸਿੰਘ ਨੇ ਦੱਸਿਆ ਕਿ ਘੱਗਰ ਦੇ ਪਾਣੀ ਦੀ ਨਿਕਾਸੀ ਨੂੰ ਲੈ ਕੇ ਦੋ ਧਿਰਾਂ ਵਿਚਕਾਰ ਤਕਰਾਰ ਦਾ ਪਤਾ ਲਗਦਿਆਂ ਹੀ ਉਨ੍ਹਾਂ ਮੌਕੇ ਉੱਤੇ ਪਹੁੰਚ ਕੇ ਲੋਕਾਂ ਨੂੰ ਸ਼ਾਂਤ ਕਰਨ ਦੀ ਕੋਸ਼ਿਸ਼ ਕੀਤੀ ਹੈ, ਪਰ ਸਥਿਤੀ ਜਿਉਂ ਦੀ ਕਿਉਂ ਬਣੀ ਹੋਈ ਹੈ। ਉਨ੍ਹਾ ਦੋਨਾਂ ਧਿਰਾਂ ਨੂੰ ਸ਼ਾਂਤ ਰਹਿਣ ਦੀ ਅਪੀਲ ਕਰਦਿਆਂ ਕਿਹਾ ਕਿ ਜਲਦੀ ਮਾਮਲੇ ਦਾ ਹੱਲ ਕਰ ਲਿਆ ਜਾਵੇਗਾ।

ਟੀ ਬੀ ਮਰੀਜ਼ਾਂ ਦੇ ਇਲਾਜ ਦੇ ਨਾਂਅ 'ਤੇ ਮੁਲਾਜ਼ਮਾਂ ਦੀਆਂ ਤਨਖਾਹਾਂ 'ਚੋਂ ਪੈਸੇ ਕੱਟਣ ਦੀ ਨਿੰਦਾ

ਕੋਟਕਪੂਰਾ (ਰਛਪਾਲ ਭੁੱਲਰ)-ਇੱਕ ਪਾਸੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਮੀਡੀਆ ਤੇ ਅਖਬਾਰਾਂ 'ਚ ਹਰ ਰੋਜ਼ ਪੰਜਾਬ ਦੇ ਭਰੇ ਹੋਏ ਖਜ਼ਾਨੇ ਦੀਆਂ ਦੁਹਾਈਆਂ ਪਾ ਰਹੇ ਹਨ ਤੇ ਸਰਕਾਰ ਵੱਲੋਂ ਦਿੱਤੀਆਂ ਜਾ ਰਹੀਆਂ ਮੁਫਤ ਸਹੂਲਤਾਂ ਦਾ ਪ੍ਰਚਾਰ ਕਰ ਰਹੇ ਹਨ, ਦੂਸਰੇ ਪਾਸੇ ਪੰਜਾਬ ਦੀ ਅਫਸਰਸ਼ਾਹੀ ਨਾਲ ਸਬੰਧਤ ਕੁਝ ਅਧਿਕਾਰੀ ਉਨ੍ਹਾਂ ਦੇ ਅਕਸ ਨੂੰ ਵਿਗਾੜਨ ਲਈ ਨਿੱਤ ਨਵੇਂ-ਨਵੇਂ ਫੁਰਮਾਨ ਜਾਰੀ ਕਰ ਰਹੇ ਹਨ। ਇਸ ਦੀ ਤਾਜ਼ਾ ਮਿਸਾਲ ਬੀਤੇ ਦਿਨੀਂ ਡਿਪਟੀ ਕਮਿਸ਼ਨਰ ਫਰੀਦਕੋਟ ਵੱਲੋਂ ਸਿਵਲ ਸਰਜਨ ਦੇ ਸੁਝਾਅ ਨਾਲ ਲਏ ਗਏ ਫੈਸਲੇ ਤੋਂ ਮਿਲਦੀ ਹੈ। ਜ਼ਿਲ੍ਹਾ ਸਿੱਖਿਆ ਅਫਸਰ ਸੈਕੰਡਰੀ ਫਰੀਦਕੋਟ ਵੱਲੋਂ ਜ਼ਿਲ੍ਹੇ ਦੇ ਸਾਰੇ ਸਕੂਲ ਮੁਖੀਆਂ ਦੀ ਮੀਟਿੰਗ ਵਿੱਚ ਦਿੱਤੇ ਗਏ ਜ਼ੁਬਾਨੀ ਤੇ ਲਿਖਤੀ ਆਦੇਸ਼ਾਂ ਅਨੁਸਾਰ ਟੀ ਬੀ ਦੇ ਮਰੀਜ਼ਾਂ ਦੇ ਇਲਾਜ ਵਾਸਤੇ ਗਰੁੱਪ ਏ ਤੇ ਬੀ ਦੇ ਕਰਮਚਾਰੀਆਂ ਤੋਂ 500 ਰੁਪਏ ਪ੍ਰਤੀ ਮਹੀਨਾ ਰਾਸ਼ੀ ਇਕੱਤਰ ਕਰਕੇ ਰੈੱਡ ਕਰਾਸ ਫਰੀਦਕੋਟ ਦੇ ਖਾਤੇ 'ਚ ਜਮ੍ਹਾਂ ਕਰਵਾਉਣ ਦੇ ਹੁਕਮ ਜਾਰੀ ਕੀਤੇ ਗਏ ਹਨ। ਗੌਰਮਿੰਟ ਸਕੂਲ ਟੀਚਰਜ਼ ਯੂਨੀਅਨ ਪੰਜਾਬ ਦੇ ਸੂਬਾਈ ਸਲਾਹਕਾਰ ਪ੍ਰੇਮ ਚਾਵਲਾ, ਜ਼ਿਲ੍ਹਾ ਫਰੀਦਕੋਟ ਦੇ ਪ੍ਰਧਾਨ ਸੁਰਿੰਦਰਪਾਲ ਸਿੰਘ ਢਿੱਲੋਂ, ਸੀਨੀ. ਮੀਤ ਪ੍ਰਧਾਨ ਕੁਲਦੀਪ ਸਿੰਘ ਸਹਿਦੇਵ ਤੇ ਜਨਰਲ ਸਕੱਤਰ ਸੁਖਚੈਨ ਸਿੰਘ ਰਾਮਸਰ ਨੇ ਇਸ ਫੈਸਲੇ ਦੀ ਸਖਤ ਨਿਖੇਧੀ ਕਰਦਿਆਂ ਇਸ ਫੈਸਲੇ ਨੂੰ ਮੁੱਖ ਮੰਤਰੀ ਪੰਜਾਬ ਦੇ ਆਦੇਸ਼ਾਂ ਦੀ ਉਲੰਘਣਾ ਕਰਾਰ ਦਿੱਤਾ ਹੈ ਤੇ ਇਹ ਫੈਸਲਾ ਤੁਰੰਤ ਵਾਪਸ ਲੈਣ ਦੀ ਮੰਗ ਕੀਤੀ ਹੈ। ਉਨ੍ਹਾਂ ਕਿਹਾ ਕਿ ਅਜਿਹੇ ਫੈਸਲੇ ਨਵੀਆਂ ਰਵਾਇਤਾਂ ਨੂੰ ਜਨਮ ਦੇਣਗੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਅਧਿਆਪਕ ਆਗੂ ਧਰਮਿੰਦਰ ਸਿੰਘ, ਬਲਜੀਤ ਸਿੰਘ, ਮਹੇਸ਼ ਜੈਨ, ਨਿਰਮਲ ਸਿੰਘ, ਜਸਕਰਨ ਸਿੰਘ, ਗੁਰਵਿੰਦਰ ਸਿੰਘ ਤੇ ਬੇਅਰੰਤ ਸਿੰਘ ਮੌੜ ਆਦਿ ਸ਼ਾਮਲ ਸਨ।

ਐਂਟੀ-ਡਰੱਗਜ਼ ਟਾਸਕ ਫੋਰਸ ਨੇ ਵਿਧਾਇਕ ਸਿੰਗਲਾ ਦਾ ਫੂਕਿਆ ਪੁਤਲਾ

ਮਾਨਸਾ (ਪਮਾਰ)-ਨਸ਼ੇ ਖਿਲਾਫ ਚੱਲ ਰਹੇ ਧਰਨੇ ਨੂੰ ਅੱਜ ਦਿਨ ਭਰ ਐਂਟੀ-ਡਰੱਗਜ਼ ਟਾਸਕ ਫੋਰਸ ਦੀ ਟੀਮ ਵੱਲੋਂ ਆਪਣੀ ਨਿਗਰਾਨੀ ਚਲਾਇਆ ਗਿਆ। ਰੋਸ ਧਰਨੇ ਨੂੰ ਵੱਖ ਵੱਖ ਬੁਲਾਰਿਆਂ ਨੇ ਸੰਬੋਧਨ ਕਰਦਿਆਂ ਕਿਹਾ ਕਿ ਜਿੱਥੇ ਦੇਸ਼ ਦੀ ਪੱਖੋਂ ਮਾੜੀ ਹਾਲਤ ਦਾ ਕਾਰਨ ਕੇਂਦਰ ਵਿਚਲੀ ਮੋਦੀ ਸਰਕਾਰ ਦਾ ਹੱਥ ਹੈ, ਓਥੇ ਹੀ ਪੰਜਾਬ ਦੀ ਮਾਨ ਸਰਕਾਰ ਵੀ ਨਸ਼ੇ ਦੇ ਸੌਦਾਗਰਾਂ ਨੂੰ ਕਾਬੂ ਕਰਨ ਵਿੱਚ ਬੁਰੀ ਤਰ੍ਹਾਂ ਨਾਕਾਮ ਸਾਬਿਤ ਹੋਈ ਹੈ। ਉਨ੍ਹਾ ਕਿਹਾ ਕਿ ਦੇਸ਼ ਵਿੱਚ ਵਧ ਰਹੀ ਬੇਰੁਜ਼ਗਾਰੀ ਦੇ ਹੱਲ ਲਈ ਕੇਂਦਰ ਸਰਕਾਰ ਨੇ ਕੋਈ ਠੋਸ ਕਦਮ ਨਹੀਂ ਚੁੱਕੇ। ਇਸੇ ਤਰ੍ਹਾਂ ਹੀ ਪੰਜਾਬ ਸਰਕਾਰ ਵੀ ਪਹਿਲੀਆਂ ਸਰਕਾਰਾਂ ਦੇ ਰਾਹ ਹੀ ਤੁਰ ਰਹੀ ਹੈ। ਬੁਲਾਰਿਆਂ ਨੇ ਮੰਗ ਕੀਤੀ ਕਿ ਪ੍ਰਸ਼ਾਸਨ ਨਸ਼ੇ ਦੇ ਸੌਦਾਗਰਾਂ ਨੂੰ ਸਲਾਖਾਂ ਪਿੱਛੇ ਬੰਦ ਕਰਕੇ ਉਨ੍ਹਾਂ ਦੀਆਂ ਜਾਇਦਾਦਾਂ ਜ਼ਬਤ ਕੀਤੀਆਂ ਜਾਣਅਤੇ ਨਾਲ ਹੀ ਤਸਕਰਾਂ ਨਾਲ ਗੰਢ-ਤੁੱਪ ਕਰਨ ਵਾਲੇ ਪੁਲਸ ਅਧਿਕਾਰੀਆਂ ਦੀਆਂ ਜਾਇਦਾਦਾਂ ਦੀ ਵੀ ਛਾਣਬੀਣ ਕੀਤੀ ਜਾਵੇ। ਧਰਨੇ ਉਪਰੰਤ ਸ਼ਹਿਰ 'ਚ ਰੋਸ ਮਾਰਚ ਕੀਤਾ ਗਿਆ ਤੇ ਹਲਕਾ ਮਾਨਸਾ ਦੇ ਵਿਧਾਇਕ ਵਿਜੈ ਸਿੰਗਲਾ ਦਾ ਠੀਕਰੀ ਵਾਲਾ ਚੌਕ ਮਾਨਸਾ ਵਿੱਚ ਪਤਲਾ ਫੂਕਿਆ ਗਿਆ।

ਧਰਨੇ ਸਮੇਂ ਸਟੇਜ ਸਕੱਤਰ ਦੀ ਭੂਮਿਕਾ ਕੁਲਵਿੰਦਰ ਸਿੰਘ ਕਾਲੀ ਨੇ ਬਾਖੂਬੀ ਨਿਭਾਈ। ਧਰਨੇ ਨੂੰ ਗਗਨਦੀਪ ਸ਼ਰਮਾ, ਸੁਰਿੰਦਰ ਪਾਲ, ਕਾਮਰੇਡ ਹਰਦੇਵ ਅਰਸ਼ੀ, ਰਾਜ ਸਿੰਘ ਭੀਖੀ, ਲੱਖਾ ਸਿਧਾਣਾ, ਗੁਰਮੇਲ ਸਿੰਘ, ਰਘੂ ਦੁਲੇਵਾਲਾ, ਰਿੰਕੀ ਰਾਏਪੁਰ, ਗੁਰਦੀਪ ਝੁਨੀਰ ਹਰਵਿੰਦਰ ਮਾਖਾ, ਗੁਰਸੇਵਕ ਸਿੰਘ ਜਵਾਹਰਕੇ, ਧੰਨਾ ਮਾਲ ਗੋਇਲ, ਅਮਨ ਪਟਵਾਰੀ, ਕੁਲਵਿੰਦਰ ਸਿੰਘ ਸੁੱਖੀ, ਸੰਦੀਪ ਸਿੰਘ, ਸੁਰਿੰਦਰ ਪਾਲ ਮੋਹਨਾ, ਸਿਮਰਜੀਤ ਗਾਗੋਵਾਲ, ਰੇਸ਼ਮ ਖਾਲਸਾ, ਮਹਿੰਦਰ ਭੈਣੀਬਾਘਾ, ਮਨਜੀਤ ਰਾਣਾ, ਮਨਜੀਤ ਮੀਹਾ, ਸੁਰਿੰਦਰਪਾਲ ਸ਼ਰਮਾ, ਰਤਨ ਭੋਲਾ, ਸੁਰਿੰਦਰਪਾਲ ਸਿੰਘ ਬਰਾੜ, ਜਾਦੂ ਕਲੇਰ, ਹਰਚਰਨ ਸਿੰਘ, ਜਗਮੇਲ ਸਿੰਘ, ਦਰਸ਼ਨ ਦਾਨੇਵਾਲ, ਸਮਸ਼ੇਰ ਸਿੰਘ, ਗੁਰਮੇਲ ਸਿੰਘ, ਲਛਮਣ ਚੱਕ ਅਲੀਸ਼ੇਰ, ਜੁਗਰਾਜ ਖੋਖਰ, ਗੁਰਦੀਪ ਝੁਨੀਰ, ਮਾ. ਖੇਤਾ ਸਿੰਘ, ਹਰਮੰਦਰ ਮਾਖਾ ਐਡਵੋਕੇਟ, ਸੁਖਜੀਵਨ ਸਿੰਘ, ਦਰਸ਼ਨ ਕੋਟ ਫੱਤਾ ਨੇ ਵੀ ਸੰਬੋਧਨ ਕੀਤਾ। ਇਸ ਮੌਕੇ ਸੁਖਵੀਰ ਖਾਰਾ, ਬਿੱਕਰ ਸਿਤਾਰਾ, ਜੁਗਦੇਵ ਭੂਪਾਲ ਨੇ ਵੀ ਆਪਣੇ ਇਨਕਲਾਬੀ ਗੀਤ ਪੇਸ਼ ਕੀਤੇ।

ਕਾਤਰਾਂ

ਮਾਂ ਦੇ ਦੁੱਧ ਦੀ ਮਹੱਤਤਾ ਸੰਬੰਧੀ ਕੀਤਾ ਜਾਗਰੂਕ

ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)-ਮਾਂ ਦੇ ਦੁੱਧ ਦੀ ਮਹੱਤਤਾ ਸਬੰਧੀ ਸਥਾਨਕ ਵਾਰਡ ਨੰ. 3 ਤੇ 7 ਵਿੱਚ ਬਲਾਕ ਪੱਧਰੀ ਸੈਮੀਨਾਰ ਕਰਵਾਇਆ ਗਿਆ, ਜਿਸ ਵਿੱਚ ਭਾਰੀ ਗਿਣਤੀ ਆਂਗਣਵਾੜੀ ਵਰਕਰਾਂ ਤੇ ਦੁੱਧ ਪਿਲਾਉਣ ਵਾਲੀਆਂ ਮਾਵਾਂ ਨੇ ਭਾਗ ਲਿਆ। ਬਾਲ ਵਿਕਾਸ ਪ੍ਰੋਜੈਕਟ ਵਿਭਾਗ ਦੀ ਸੁਪਰਵਾਈਜ਼ਰ ਮਨਜੀਤ ਕੌਰ ਵੱਲੋਂ ਗਰਭਵਤੀ ਔਰਤਾਂ ਤੇ ਨਵਜਾਤ ਬੱਚਿਆਂ ਦੀਆਂ ਮਾਵਾਂ ਨੂੰ ਜਾਗਰੂਕ ਕਰਕੇ ਛਾਤੀ ਦਾ ਦੁੱਧ ਚੁੰਘਾਉਣ ਲਈ ਉਤਸ਼ਾਹਤ ਕੀਤਾ ਗਿਆ। ਆਂਗਣਵਾੜੀ ਵਰਕਰ ਕੁਲਵੰਤ ਕੌਰ ਨੀਲੋਂ ਨੇ ਕਿਹਾ ਕਿ ਛੇ ਮਹੀਨੇ ਤੋਂ ਬਾਅਦ ਬੱਚੇ ਨੂੰ ਅਨੁਪੂਰਕ ਖੁਰਾਕ ਦਿੱਤੀ ਜਾ ਸਕਦੀ ਹੈ, ਜਿਵੇਂ ਕਿ ਖਿਚੜੀ, ਦਲੀਆ, ਉਬਲਿਆ ਆਲੂ, ਕੇਲਾ, ਦਾਲ ਦਾ ਪਾਣੀ ਆਦਿ ਦੇਣਾ ਚਾਹੀਦਾ ਹੈ। ਇਸ ਮੌਕੇ ਪਰਮਜੀਤ ਕੌਰ, ਰਾਜਿੰਦਰ ਕੌਰ, ਹੈਲਪਰ ਗੁਰਪ੍ਰੀਤ ਕੌਰ, ਛਿੰਦਰਪਾਲ ਕੌਰ, ਸੁਸ਼ਮਾ ਰਾਣੀ, ਸੋਨੂੰ ਕੁਮਾਰੀ, ਅਮਨਦੀਪ ਕੌਰ, ਕਿਰਨ ਬਾਲਾ, ਪਲਵਿੰਦਰ ਕੌਰ, ਜਸਵਿੰਦਰ ਕੌਰ, ਕੁਲਵੰਤ ਕੌਰ, ਕਮਲ ਕੌਰ ਆਦਿ ਹਾਜ਼ਰ ਸਨ।

270 ਗ੍ਰਾਮ ਹੈਰੋਇਨ ਸਮੇਤ ਤਿੰਨ ਗ੍ਰਿਫਤਾਰ

ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਸਪੈਸ਼ਲ ਟਾਸਕ ਫੋਰਸ ਫਿਰੋਜ਼ਪੁਰ ਰੇਂਜ ਵੱਲੋਂ ਤਿੰਨ ਵਿਅਕਤੀਆਂ ਨੂੰ 270 ਗ੍ਰਾਮ ਹੈਰੋਇਨ, ਇੱਕ ਕੰਪਿਊਟਰ ਕੰਡਾ ਤੇ ਦੋ ਮੋਟਰਸਾਈਕਲਾਂ ਸਮੇਤ ਗ੍ਰਿਫਤਾਰ ਕਰਕੇ ਉਨ੍ਹਾਂ ਖਿਲਾਫ ਮਾਮਲੇ ਦਰਜ ਕੀਤੇ ਹਨ। ਜਾਣਕਾਰੀ ਦਿੰਦੇ ਹੋਏ ਸਪੈਸ਼ਲ ਟਾਸਕ ਫੋਰਸ ਫਿਰੋਜ਼ਪੁਰ ਰੇਂਜ ਦੇ ਏਐੱਸਆਈ ਸਤਪਾਲ ਸਿੰਘ ਨੇ ਦੱਸਿਆ ਕਿ ਉਹ ਸਮੇਤ ਸਾਥੀ ਕਰਮਚਾਰੀਆਂ ਦੇ ਦੋਸ਼ੀ ਕਰਨਜੀਤ ਸਿੰਘ ਉਰਫ ਕਰਨ ਪੁੱਤਰ ਰਛਪਾਲ ਸਿੰਘ ਉਰਫ ਪਾਲਾ ਪਾਸੀ ਬਾਲੇਵਾਲਾ ਥਾਣਾ ਮਮਦੋਟ ਨੂੰ 170 ਗ੍ਰਾਮ ਹੈਰੋਇਨ, ਕੰਪਿਊਟਰ ਕੰਡਾ ਤੇ ਇਕ ਮੋਟਰਸਾਈਕਲ ਸਪਲੈਂਡਰ ਨੰਬਰ ਪੀਬੀ 67 ਬੀ 8677 ਸਮੇਤ ਕਾਬੂ ਕੀਤਾ ਗਿਆ। ਇਸੇ ਤਰ੍ਹਾਂ ਏਐੱਸਆਈ ਬਲਕਾਰ ਸਿੰਘ ਨੇ ਦੱਸਿਆ ਕਿ ਉਹ ਸਮੇਤ ਸਾਥੀ ਕਰਮਚਾਰੀਆਂ ਦੇ ਦੋਸ਼ੀ ਗੁਰਸੇਵਕ ਸਿੰਘ ਪੁੱਤਰ ਅਵਤਾਰ ਸਿੰਘ ਵਾਸੀ ਗਾਮੇ ਵਾਲਾ ਤੇ ਰਮਨਦੀਪ ਸਿੰਘ ਪੁੱਤਰ ਰਮੇਸ਼ ਸਿੰਘ ਵਾਸੀ ਹਬੀਬ ਵਾਲਾ ਨੂੰ 100 ਗ੍ਰਾਮ ਹੈਰੋਇਨ ਤੇ ਮੋਟਰਸਾਈਕਲ ਸਮੇਤ ਕਾਬੂ ਕੀਤਾ ਗਿਆ। ਉਕਤ ਦੋਸ਼ੀਆਨ ਖਿਲਾਫ ਮਾਮਲੇ ਦਰਜ ਕੀਤੇ ਗਏ ਹਨ।

ਅਜ਼ਾਦੀ ਘੁਲਾਟੀਏ ਬਿਹਾਰਾ ਸਿੰਘ ਦਾ ਡੀ ਸੀ ਵੱਲੋਂ ਸਨਮਾਨ

ਬੁਢਲਾਡਾ (ਅਸ਼ੋਕ ਲਾਕੜਾ)-ਡਿਪਟੀ ਕਮਿਸ਼ਨਰ ਸ੍ਰੀ ਰਿਸ਼ੀਪਾਲ ਸਿੰਘ ਨੇ ਮਾਨਸਾ ਜ਼ਿਲ੍ਹੇ ਦੇ ਪਿੰਡ ਮੱਲ ਸਿੰਘ ਵਾਲਾ ਵਿਖੇ ਆਜ਼ਾਦੀ ਘੁਲਾਟੀਏ ਸ੍ਰ. ਬਿਹਾਰਾ ਸਿੰਘ (95 ਸਾਲ) ਨੂੰ ਸ਼ਾਲ/ਅੰਗਵਸਤਰ ਦੇ ਕੇ ਸਨਮਾਨਤ ਕੀਤਾ। ਇਸ ਮੌਕੇ ਉਨ੍ਹਾ ਨਾਲ ਐੱਸ.ਡੀ.ਐੱਮ. ਬੁਢਲਾਡਾ ਸ੍ਰੀ ਪ੍ਰਮੋਦ ਸਿੰਗਲਾ ਵੀ ਮੌਜੂਦ ਸਨ। ਇਸ ਮੌਕੇ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਪੂਰੇ ਦੇਸ਼ 'ਚ 'ਭਾਰਤ ਛੱਡੋ ਅੰਦੋਲਨ' ਦੀ ਵਰ੍ਹੇਗੰਢ ਤਹਿਤ ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਕੁਰਬਾਨੀਆਂ ਦੇਣ ਵਾਲੇ ਯੋਧਿਆਂ ਨੂੰ ਯਾਦ ਕੀਤਾ ਜਾ ਰਿਹਾ ਹੈ, ਜਿਸ ਤਹਿਤ ਆਜ਼ਾਦੀ ਘੁਲਾਟੀਏ ਸ੍ਰ. ਬਿਹਾਰਾ ਸਿੰਘ ਜੀ ਨੂੰ ਸਨਮਾਨਤ ਕਰਨ ਸਮੇਂ ਉਹ ਮਾਣ ਮਹਿਸੂਸ ਕਰ ਰਹੇ ਹਨ। ਉਨ੍ਹਾ ਦੱਸਿਆ ਕਿ ਬਿਹਾਰਾ ਸਿੰਘ ਜੀ 15 ਸਾਲ ਦੀ ਉਮਰ ਵਿੱਚ ਆਜ਼ਾਦ ਹਿੰਦ ਫੌਜ 'ਚ ਭਰਤੀ ਹੋਏ ਤੇ 1942 ਤੋਂ 1945 ਤੱਕ ਜੰਗ ਲੜਦੇ ਰਹੇ। ਉਨ੍ਹਾ ਦੱਸਿਆ ਕਿ ਜੰਗ ਖ਼ਤਮ ਹੋਣ ਤੋਂ ਬਾਅਦ ਉਨ੍ਹਾ ਜੰਗੀ ਕੈਦੀ ਦੇ ਤੌਰ 'ਤੇ ਰੰਗੂਨ ਵਿਖੇ 13 ਮਹੀਨੇ ਜੇਲ੍ਹ ਕੱਟੀ। ਸਨਮਾਨ ਮਿਲਣ ਮੌਕੇ ਸ੍ਰ. ਬਿਹਾਰਾ ਸਿੰਘ ਨੇ ਕਿਹਾ ਕਿ ਉਨ੍ਹਾਂ ਨੂੰ ਰਾਸ਼ਟਰਪਤੀ ਤੇ ਪ੍ਰਧਾਨ ਮੰਤਰੀ ਵੱਲੋਂ ਸਨਮਾਨ ਪੱਤਰ ਮਿਲ ਚੁੱਕਾ ਹੈ। ਦੇਸ਼ ਨੂੰ ਆਜ਼ਾਦ ਹੋਇਆਂ ਦੇਖ ਕੇ ਅਤੇ ਸਮੇਂ-ਸਮੇਂ 'ਤੇ ਮਿਲਣ ਵਾਲੇ ਮਾਣ-ਸਨਮਾਨ ਤੋਂ ਉਹ

5 AUG-Page-11.qxd 8/4/2023 9:35 PM Page 1

1 ਕਿੱਲੋ ਹੈਰੋਇਨ ਤੇ 20 ਹਜ਼ਾਰ ਡਰੱਗ ਮਨੀ ਸਮੇਤ ਦੋ ਨੌਜਵਾਨ ਗ੍ਰਿਫ਼ਤਾਰ

ਝਬਾਲ (ਹਰਜਿੰਦਰ ਸਿੰਘ ਸੋਨੀ)-ਥਾਣਾ ਸਰਾਏ ਅਮਾਨਤ ਖਾਂ ਦੀ ਪੁਲਸ ਵੱਲੋਂ ਦੋ ਕਾਰ ਸਵਾਰ ਨੌਜਵਾਨਾਂ ਨੂੰ ਇੱਕ ਕਿਲੋ ਹੈਰੋਇਨ ਅਤੇ 20 ਹਜਾਰ ਡਰੱਗ ਮਨੀ ਸਮੇਤ ਗ੍ਰਿਫਤਾਰ ਕੀਤੇ ਜਾਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਥਾਣਾ ਸਰਾਏ ਅਮਾਨਤ ਖਾਂ ਦੇ ਮੁਖੀ ਨਰਿੰਦਰ ਸਿੰਘ ਨੇ ਦੱਸਿਆ ਕਿ ਉਹ ਪੁਲਸ ਪਾਰਟੀ ਸਮੇਤ ਥਾਣਾ ਸਰਾਏ ਅਮਾਨਤ ਖਾਂ ਤੋ ਪਿੰਡ ਸਰਾਏ ਅਮਾਨਤ ਖਾਂ, ਗਹਿਰੀ, ਬੁਰਜ ਆਦਿ ਨੂੰ ਜਾ ਰਹੇ ਸਨ ਜਦ ਪੁਲਸ ਪਾਰਟੀ ਗਸ਼ਤ ਕਰਦੀ ਹੋਈ ਲਹੀਆ ਮੋੜ ਲਾਗੇ ਪਹੁੰਚੀ ਤਾਂ ਪਿੰਡ ਲਹੀਆ ਦੀ ਤਰਫੋਂ ਇੱਕ ਆਈ-20 ਕਾਰ ਰੰਗ ਚਿੱਟਾ ਨੰਬਰੀ ਪੀਬੀ 46 ਏ.ਡੀ 6795 ਆਉਂਦੀ ਦਿਖਾਈ ਦਿੱਤੀ ਜਿਸ ਨੂੰ ਸਾਥੀ ਕਰਮਚਾਰੀਆਂ ਦੀ ਮਦਦ ਨਾਲ ਕਾਰ ਨੂੰ ਰੋਕ ਕੇ ਉਨ੍ਹਾਂ ਦੇ ਨਾਮ ਪਤੇ ਪੁੱਛੇ ਜੋ ਕਾਰ ਚਲਾਉਣ ਵਾਲੇ ਵਿਅਕਤੀ ਨੇ ਆਪਣਾ ਨਾਮ ਕਰਨ ਦੇਵਗਨ ਪੁੱਤਰ ਰਜੇਸ਼ ਕੁਮਾਰ ਪੁੱਤਰ ਇੰਦਰਜੀਤ ਕੁਮਾਰ ਵਾਸੀ ਮੁਹੱਲਾ ਹਰਕ੍ਰਿਸ਼ਨ ਨਗਰ ਹਾਊਸ ਨੰਬਰ 188 ਥਾਣਾ ਛੇਹਰਟਾ ਜਿਲ੍ਹਾ ਅੰਮ੍ਰਿਤਸਰ ਦੱਸਿਆ ਅਤੇ ਨਾਲ ਦੀ ਸੀਟ 'ਤੇ ਬੈਠੇ ਵਿਅਕਤੀ ਨੇ ਆਪਣਾ ਨਾਮ ਮਨਪ੍ਰੀਤ ਸਿੰਘ ਉਰਫ ਸੰਨੀ ਪੁੱਤਰ ਸਲਵਿੰਦਰ ਸਿੰਘ ਪੁੱਤਰ ਤਾਰਾ ਸਿੰਘ ਵਾਸੀ ਗੁਰੂ ਕੀ ਵਡਾਲੀ ਥਾਣਾ ਛੇਹਰਟਾ ਜ਼ਿਲਾ ਅੰਮ੍ਰਿਤਸਰ ਦੱਸਿਆ। ਉਸ ਸਮੇਂ ਡੀਐਸਪੀ ਸਿਟੀ ਜਸਪਾਲ ਸਿੰਘ ਢਿੱਲੋਂ ਨੂੰ ਮੌਕੇ ਤੇ ਬੁਲਾਇਆ ਗਿਆ ਤੇ ਜਦੋਂ ਕਾਰ ਦੀ ਤਲਾਸ਼ੀ ਲਈ ਤਾਂ ਉਸ ਵਿੱਚੋਂ ਇੱਕ ਕਿੱਲੋ ਹੈਰੋਇਨ ਅਤੇ 20 ਹਜ਼ਾਰ ਰੁਪਏ ਦੀ ਡਰੱਗ ਮਨੀ ਬਰਾਮਦ ਹੋਈ।. ਉਕਤ ਨੌਜਵਾਨਾਂ ਨੂੰ ਕਾਬੂ ਕਰਕੇ ਧਾਰਾ 21 ਸੀ,61,85 ਐੱਨਡੀਪੀਐੱਸ ਅਧੀਨ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।

ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਲਹਿਰਾਉਣਗੇ ਅੰਮ੍ਰਿਤਸਰ 'ਚ ਤਿਰੰਗਾ

ਡਿਪਟੀ ਕਮਿਸ਼ਨਰ ਨੇ ਆਜ਼ਾਦੀ ਦਿਵਸ ਦੀਆਂ ਤਿਆਰੀਆਂ ਦਾ ਲਿਆ ਜਾਇਜ਼ਾ

ਅੰਮ੍ਰਿਤਸਰ, (ਨਰਿੰਦਰਜੀਤ ਸਿੰਘ)-ਜ਼ਿਲ੍ਹਾ ਅੰਮ੍ਰਿਤਸਰ ਅੰਦਰ ਮਨਾਏ ਜਾ ਰਹੇ ਜ਼ਿਲ੍ਹਾ ਪੱਧਰੀ ਆਜ਼ਾਦੀ ਦਿਵਸ ਸਮਾਗਮ ਨੂੰ ਸਫਲਤਾਪੂਰਵਕ ਨੇਪਰੇ ਚਾੜ੍ਹਨ ਲਈ ਤਿਆਰੀਆਂ ਦਾ ਜਾਇਜ਼ਾ ਲੈਣ ਲਈ ਅਮਿਤ ਤਲਵਾੜ, ਡਿਪਟੀ ਕਮਿਸ਼ਨਰ ਅੰਮ੍ਰਿਤਸਰ ਨੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਇਸ ਸਮਾਗਮ ਨੂੰ ਉਤਸ਼ਾਹ ਨਾਲ ਨੇਪਰੇ ਚਾੜ੍ਹਣ ਲਈ ਉਚੇਚੇ ਪ੍ਰਬੰਧ ਕੀਤੇ ਜਾਣ। ਡਿਪਟੀ ਕਮਿਸ਼ਨਰ ਵੱਲੋਂ ਜਿਲ੍ਹਾ ਪ੍ਰਬੰਧਕੀ ਕੰਪਲੈਕਸ ਦੇ ਮੀਟਿੰਗ ਹਾਲ ਵਿੱਚ ਵੱਖ-ਵੱਖ ਵਿਭਾਗਾਂ ਦੇ ਮੁਖੀਆਂ ਨਾਲ ਆਜ਼ਾਦੀ ਦਿਵਸ ਦੀਆਂ ਤਿਆਰੀਆਂ ਸਬੰਧੀ ਮੀਟਿੰਗ ਕੀਤੀ ਗਈ। ਉਨ੍ਹਾਂ ਨੇ ਸਬੰਧਤ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਸਮਾਗਮ ਵਿੱਚ ਭਾਗ ਲੈਣ ਵਾਲੇ ਬੱਚਿਆਂ ਲਈ ਪਾਣੀ, ਮੈਡੀਕਲ ਸੁਵਿਧਾਵਾਂ ਦਾ ਪੂਰਾ ਪ੍ਰਬੰਧ ਕੀਤਾ ਜਾਵੇ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਇਸ ਵਾਰ ਜ਼ਿਲ੍ਹਾ ਪੱਧਰੀ ਸਮਾਗਮ ਵਿੱਚ ਵਿੱਤ ਮੰਤਰੀ ਪੰਜਾਬ ਸ: ਹਰਪਾਲ ਸਿੰਘ ਚੀਮਾ ਬਤੌਰ ਮੁੱਖ ਮਹਿਮਾਨ ਤਿਰੰਗਾ ਲਹਿਰਾਉਣ ਦੀ ਰਸਮ ਅਦਾ ਕਰਨਗੇ। ਉਨ੍ਹਾਂ ਦੱਸਿਆ ਕਿ ਸਮਾਗਮ ਦੀ ਫੁੱਲ ਡਰੈਸ ਰਿਹਰਸਲ 13 ਅਗਸਤ ਨੂੰ ਹੋਵੇਗੀ। ਉਨ੍ਹਾਂ ਨੇ ਸਬੰਧਤ ਅਧਿਕਾਰੀਆਂ ਨੂੰ ਸਪਸ਼ਟ ਕੀਤਾ ਕਿ ਕਿਸੇ ਕਿਸਮ ਦੀ ਕੁਤਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਸ਼੍ਰੀ ਤਲਵਾੜ ਨੇ ਦੱਸਿਆ ਕਿ ਆਜਾਦੀ ਦਿਵਸ ਦੇ ਸਮਾਗਮਾਂ ਵਿੱਚ ਵੱਖ-ਵੱਖ ਸਕੂਲੀ ਬੱਚਿਆਂ ਵਲੋਂ ਕੋਰਿਓਗ੍ਰਾਫੀ, ਪੀ.ਟੀ. ਸ਼ੋਅ ਅਤੇ ਸੱਭਿਆਚਾਰਕ ਪ੍ਰੋਗਰਾਮ ਵੀ ਪੇਸ਼ ਕੀਤੇ ਜਾਣਗੇ।

ਇਸ ਮੌਕੇ ਕਮਿਸ਼ਨਰ ਕਾਰਪੋਰੇਸ਼ਨ ਸੰਦੀਪ ਰਿਸ਼ੀ, ਹਰਪ੍ਰੀਤ ਸਿੰਘ ਵਧੀਕ ਡਿਪਟੀ ਕਮਿਸ਼ਨਰ ਜਨਰਲ, ਵਧੀਕ ਡਿਪਟੀ ਕਮਿਸ਼ਨਰ ਪਰਮਜੀਤ ਕੌਰ, ਐਸ.ਪੀ. ਪ੍ਰਭਜੋਤ ਸਿੰਘ ਵਿਰਕ, ਐਸ.ਪੀ. ਜਸਵੰਤ ਕੌਰ, ਡਾ. ਹਰਨੂਰ ਕੌਰ ਢਿੱਲੋਂ ਸਹਾਇਕ ਕਮਿਸ਼ਨਰ ਜਨਰਲ, ਐਸ:ਡੀ:ਐਮ ਅੰਮ੍ਰਿਤਸਰ ਮਨਕੰਵਲ ਸਿੰਘ ਚਾਹਲ ਅਤੇ ਦਮਨਦੀਪ ਕੌਰ, ਸਕੱਤਰ ਟਰਾਂਸਪੋਰਟ ਅਥਾਰਿਟੀ ਅਰਸ਼ਦੀਪ ਸਿੰਘ, ਡਾਇਰੈਕਟਰ ਲੋਕ ਸੰਪਰਕ ਗੁਰੂ ਨਾਨਕ ਦੇਵ ਯੂਨੀਵਰਸਿਟੀ ਪਰਵੀਨ ਪੂਰੀ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਸਨ।

ਸਦਾਬਹਾਰ ਫਲਦਾਰ ਬੂਟੇ ਲਗਾਉਣ ਲਈ ਅਗਸਤ ਦਾ ਮਹੀਨਾ ਬਹੁਤ ਹੀ ਢੁੱਕਵਾਂ : ਤਜਿੰਦਰ ਸਿੰਘ ਬਾਜਵਾ

ਗੁਰਦਾਸਪੁਰ, (ਜਨਕ ਮਹਾਜਨ)-ਸਦਾਬਹਾਰ ਫ਼ਲਦਾਰ ਬੂਟੇ ਜਿਵੇਂ ਨਿੰਬੂ ਜਾਤੀ, ਅੰਬ, ਲੀਚੀ, ਅਮਰੂਦ, ਲੁਕਾਠ, ਪਪੀਤਾ, ਚੀਕੂ ਆਦਿ ਲਗਾਉਣ ਲਈ ਅਗਸਤ ਦਾ ਮਹੀਨਾ ਬਹੁਤ ਹੀ ਢੁੱਕਵਾਂ ਹੈ, ਇਸ ਲਈ ਅਗਸਤ ਮਹੀਨੇ ਕਿਸਾਨਾਂ ਨੂੰ ਆਪਣਾ ਕੁਝ ਖੇਤੀ ਰਕਬਾ ਬਾਗਾਂ ਦੇ ਹੇਠਾਂ ਲਿਆਉਣਾ ਚਾਹੀਦਾ ਹੈ। ਕਿਸਾਨਾਂ ਨੂੰ ਇਹ ਅਪੀਲ ਕਰਦਿਆਂ ਬਟਾਲਾ ਦੇ ਬਾਗਬਾਨੀ ਵਿਭਾਗ ਦੇ ਡਿਪਟੀ ਡਾਇਰੈਕਟਰ ਤਜਿੰਦਰ ਸਿੰਘ ਬਾਜਵਾ ਨੇ ਕਿਹਾ ਕਿ ਬਰਸਾਤਾਂ ਦੇ ਮੌਸਮ ਵਿੱਚ ਬਾਗਾਂ ਵੱਲ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਬਾਗਾਂ ਵਿਚ ਬਹੁਤ ਦੇਰ ਖੜਾ ਪਾਣੀ ਖਰਾਬੀ ਕਰ ਸਕਦਾ ਹੈ, ਸੋ ਵਾਧੂ ਪਾਣੀ ਕੱਢਣ ਦਾ ਢੁੱਕਵਾਂ ਪ੍ਰਬੰਧ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਜ਼ਿਆਦਾ ਪਾਣੀ ਖੜਨ ਕਾਰਨ ਬੂਟਿਆਂ ਖਾਸ ਕਰਕੇ ਪਪੀਤਾ, ਨਾਸ਼ਪਾਤੀ ਅਤੇ ਆੜੂ ਦੀਆਂ ਜੜਾਂ ਗਲਣ ਦੀ ਸਿਕਾਇਤ ਹੋ ਸਕਦੀ ਹੈ, ਇਸ ਲਈ ਇਨਾਂ ਬੂਟਿਆਂ ਦੁਆਲਿਓਂ ਜਿੰਨੀ ਛੇਤੀ ਹੋ ਸਕੇ, ਪਾਣੀ ਕੱਢ ਦਿਓ ਅਤੇ ਵੱਤਰ ਆਉਣ ਤੇ ਹਲਕੀ ਗੋਡੀ ਕਰੋ। ਡਿਪਟੀ ਡਾਇਰੈਕਟਰ ਤਜਿੰਦਰ ਸਿੰਘ ਬਾਜਵਾ ਨੇ ਕਿਹਾ ਕਿ ਨਿੰਬੂ ਜਾਤੀ ਦੇ ਬੂਟਿਆਂ ਵਿਚ ਜ਼ਿੰਕ ਅਤੇ ਮੈਂਗਨੀਜ ਦੀ ਘਾਟ ਦੀ ਪੂਰਤੀ ਲਈ ਜ਼ਿੰਕ ਸਲਫੇਟ (4.70 ਗ੍ਰਾਮ ਪ੍ਰਤੀ ਲਿਟਰ ਪਾਣੀ) ਅਤੇ ਮੈਗਨੀਜ਼ ਸਲਫੇਟ (3.30 ਗ੍ਰਾਮ ਪ੍ਰਤੀ ਲਿਟਰ ਪਾਣੀ) ਨੂੰ ਮਿਲਾ ਕੇ ਛਿੜਕਾਅ ਕਰਨੀ ਚਾਹੀਦੀ ਹੈ। ਨਿੰਬੂ ਜਾਤੀ ਦੇ ਫਲਾਂ ਦੇ ਕੇਰੇ ਨੂੰ ਰੋਕਣ ਲਈ 2.4-ਡੀ ਸੋਡੀਅਮ ਸਾਲਟ (ਹਾਰਟੀਕਲਚਰਲ ਗ੍ਰੇਡ) 5 ਗ੍ਰਾਮ ਦਾ ਛਿੜਕਾਅ 500 ਲਿਟਰ ਪਾਣੀ ਪ੍ਰਤੀ ਏਕੜ ਦੇ ਹਿਸਾਬ ਨਾਲ ਕਰੋ। ਬੋਰਡੋ ਮਿਸ਼ਰਣ (2:2:250) ਦਾ ਛਿੜਕਾਅ ਸੰਤਰੇ, ਮਾਲਟੇ ਦੀਆਂ ਬਿਮਾਰੀਆਂ ਦੀ ਰੋਕਥਾਮ ਲਈ ਕਰੋ। ਨਿੰਬੂ ਜਾਤੀ ਦੇ ਪੈਰ ਗਲਣ ਦੇ ਰੋਗ ਨੂੰ ਰੋਕਣ ਲਈ ਸੋਡੀਅਮ ਹਾਈਪੋਕਲੋਰਾਈਟ (5 ਫੀਸਦੀ) ਨੂੰ 10 ਲਿਟਰ ਪਾਣੀ ਵਿਚ ਘੋਲ ਕੇ ਪ੍ਰਤੀ ਬੂਟੇ ਦੇ ਹਿਸਾਬ ਨਾਲ ਬੂਟਿਆਂ ਦੀ ਛੱਤਰੀ ਹੇਠ ਮਿੱਟੀ ਅਤੇ ਮੁੱਖ ਤਣਿਆਂ ਨੂੰ ਗੜੁੱਚ ਕਰੋ। ਇਸ ਤੋਂ ਇਲਾਵਾ ਸੋਡੀਅਮ ਹਾਈਕਲੋਰਾਈਡ ਤੇ ਛਿੜਕਾਅ ਤੋਂ ਹਫਤੇ ਬਾਅਦ 100 ਗ੍ਰਾਮ ਟਰਾਈਕੋਡਰਮਾ ਐਸਪੈਰੇਲਮ ਫਾਰਮੂਲੇਸ਼ਣ ਨੂੰ 2.5 ਕਿੱਲੋ ਰੂੜੀ ਦੀ ਖਾਦ ਵਿੱਚ ਮਿਲਾ ਕੇ ਪ੍ਰਤੀ ਬੂਟੇ ਦੇ ਹਿਸਾਬ ਨਾਲ ਬੂਟੇ ਦੀ ਛੱਤਰੀ ਹੇਠ ਪਾ ਕੇ ਵੀ ਇਸ ਰੋਗ ਦੀ ਰੋਕਥਾਮ ਕੀਤੀ ਜਾ ਸਕਦੀ ਹੈ। ਬਾਜਵਾ ਨੇ ਅੱਗੇ ਦੱਸਿਆ ਕਿ ਨਿੰਬੂ ਜਾਤੀ ਦੇ ਫ਼ਲਾਂ ਵਿੱਚ ਫ਼ਲ ਦੀ ਮੱਖੀ ਦੀ ਰੋਕਥਾਮ ਲਈ ਅਗਸਤ ਦੇ ਦੂਜੇ ਹਫਤੇ 16 ਪੀ.ਏ.ਯੂ. ਫਰੂਟ ਫਲਾਈ ਟਰੈਪ ਪ੍ਰਤੀ ਏਕੜ ਦੇ ਹਿਸਾਬ ਨਾਲ ਲਗਾਉ ਅਤੇ ਲੋੜ ਪੈਣ ਤੇ ਦੁਬਾਰਾ ਟਰੈਪ ਲਾਓ। ਅੰਗੂਰਾਂ ਦੇ ਕੋਹੜ ਅਤੇ ਪੀਲੇ ਧੱਬਿਆਂ ਦੀ ਰੋਕਥਾਮ ਲਈ ਅਗਸਤ ਦੇ ਆਖੀਰ ਵਿੱਚ ਬੋਰਡੋ ਮਿਸ਼ਰਣ ਦਾ ਛਿੜਕਾਅ 500 ਲਿਟਰ ਪਾਣੀ ਪ੍ਰਤੀ ਏਕੜ ਦੇ ਹਿਸਾਬ ਨਾਲ ਕੀਤਾ ਜਾਵੇ।

ਮਾਤਾ ਮਹਿੰਦਰ ਕੌਰ ਨੂੰ ਭਰਪੂਰ ਸ਼ਰਧਾਂਜਲੀਆਂ ਭੇਟ

ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ)-ਕਾਮਰੇਡ ਭਗਵੰਤ ਸਿੰਘ ਦੀ ਵੇਈਂਪੂਈਂ ਦੀ ਸਤਿਕਾਰਯੋਗ ਮਾਤਾ ਪਿਛਲੀ ਦਿਨੀਂ ਅਕਾਲ ਚਲਾਣਾ ਕਰ ਗਏ ਸਨ।

ਜਿਨ੍ਹਾਂ ਦੀ ਅੰਤਿਮ ਅਰਦਾਸ ਉਨ੍ਹਾਂ ਦੇ ਗ੍ਰਹਿ ਵਿਖੇ ਹੋਈ ਜਿਨ੍ਹਾਂ ਨੂੰ ਵੱਖ-ਵੱਖ ਸਾਥੀਆਂ ਵੱਲੋਂ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ ਜਿਨ੍ਹਾਂ ਵਿਚ ਕਾਮਰੇਡ ਬਲਜੀਤ ਸਿੰਘ ਨੇ ਬੋਲਦਿਆਂ ਕਿਹਾ ਮਾਂ-ਪਿਓ ਦੀ ਚੰਗੀ ਸਿੱਖਿਆ ਹੀ ਹੈ ਜੋ ਭਗਵੰਤ ਸਿੰਘ ਸੀਪੀਆਈ ਨੂੰ ਸਮਰਪਿਤ ਅਣਥੱਕ ਸੇਵਾ ਕਰ ਰਿਹਾ। ਇਸ ਮੌਕੇ ਕਾਮਰੇਡ ਗੁਰਦਿਆਲ ਸਿੰਘ ਬਲਾਕ ਸਕੱਤਰ ਭਾਰਤੀ ਕਮਿਊਨਿਸਟ ਪਾਰਟੀ, ਕਾਮਰੇਡ ਬਲਦੇਵ ਸਿੰਘ ਧੁੰਦਾ ਜ਼ਿਲ੍ਹਾ ਸਕੱਤਰ ਕੁੱਲ ਹਿੰਦ ਕਿਸਾਨ ਸਭਾ, ਕਾਮਰੇਡ ਸੁਖਦੇਵ ਸਿੰਘ ਜ਼ਿਲਾ ਸਕੱਤਰ ਖੇਤ ਮਜ਼ਦੂਰ ਸਭਾ, ਕਾਮਰੇਡ ਗੁਰਚਰਨ ਸਿੰਘ ਕੰਡਾ ਸਰਬ ਭਾਰਤ ਨੌਜਵਾਨ ਸਭਾ ਨੇ ਸ਼ਰਦੇ ਫੁੱਲ ਭੇਟ ਕੀਤੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਕਾਮਰੇਡ ਕੁਲਵੰਤ ਸਿੰਘ ਖਡੂਰ ਸਾਹਿਬ, ਕਾਮਰੇਡ ਦਲਬੀਰ ਸਿੰਘ ਫਤਿਆਬਾਦ, ਕਾਮਰੇਡ ਪਾਲ ਸਿੰਘ, ਮੇਜਰ ਸਿੰਘ ਖੇਤ ਮਜ਼ਦੂਰ ਸਭਾ, ਕਾਮਰੇਡ ਜਸਵੰਤ ਸਿੰਘ, ਕਾਮਰੇਡ ਬਲਵਿੰਦਰ ਸਿੰਘ ਆਦਿ ਹਾਜ਼ਰ ਸਨ।

ਖਾਲਸਾ ਏਡ ਦੇ ਦਫਤਰ 'ਤੇ ਐੱਨਆਈਏ ਵੱਲੋਂ ਕੀਤੀ ਛਾਪੇਮਾਰੀ 'ਤੇ ਰੋਸ ਪ੍ਰਗਟਾਵਾ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ) ਚੀਫ਼ ਖ਼ਾਲਸਾ ਦੀਵਾਨ ਦੇ ਦਫ਼ਤਰ ਵਿਖੇ ਹੋਈ ਇਕੱਤਰਤਾ ਦੌਰਾਨ ਦੀਵਾਨ ਦੇ ਅਹੁਦੇਦਾਰਾਂ ਤੇ ਮੈਂਬਰ ਸਾਹਿਬਾਨ ਵੱਲੋਂ ਵਿਸ਼ਵ ਦੀ ਨਾਮਵਰ ਸਮਾਜ-ਸੇਵੀ ਸੰਸਥਾ ਖਾਲਸਾ ਏਡ ਦੇ ਦਫ਼ਤਰ ਅਤੇ ਆਗੂ ਦੇ ਘਰ ਵਿਚ ਕੌਮੀ ਜਾਂਚ ਏਜੰਸੀ ਵੱਲੋਂ ਵੱਡੇ ਪੱਧਰ ਤੇ ਕੀਤੀ ਗਈ ਛਾਪੇਮਾਰੀ ਤੇ ਸਖ਼ਤ ਰੋਸ ਪ੍ਰਗਟ ਕੀਤਾ ਗਿਆ। ਇਸ ਮੌਕੇ ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਡਾ. ਇੰਦਰਬੀਰ ਸਿੰਘ ਨਿੱਜਰ ਅਤੇ ਆਨਰੇਰੀ ਸਕੱਤਰ ਅਜੀਤ ਸਿੰਘ ਬਸਰਾ ਨੇ ਸਾਂਝੇ ਤੌਰ 'ਤੇ ਕਿਹਾ ਕਿ ਖਾਲਸਾ ਏਡ ਸੰਸਾਰ ਭਰ ਵਿਚ ਬਿਨ੍ਹਾਂ ਕਿਸੇ ਜਾਤੀ, ਰੰਗ, ਨਸਲ, ਧਰਮ ਦੇ ਭੇਦਭਾਵ ਤੋਂ ਨਿਸ਼ੁਆਰਥ ਭਾਵ ਨਾਲ ਮਨੁੱਖਤਾ ਦੀ ਸੇਵਾ ਲਈ ਤਤੱਪਰ ਰਹਿੰਦੀ ਹੈ ਅਤੇ ਇਸਦੇ ਸਵੈ ਸੇਵਕ ਗੁਰੂ ਸਾਹਿਬ ਦੇ ਦਰਸਾਏ ਸਿਧਾਂਤਾਂ 'ਸਰਬਤ ਦਾ ਭੱਲਾ' ਅਤੇ 'ਸਰਬ-ਸਾਂਝੀਵਾਲਤਾ' ਅਨੁਸਾਰ 'ਨਿਰਭਉ-ਨਿਰਵੈਰ' ਹੋ ਕੇ ਦੇਸ਼ਾਂ-ਵਿਦੇਸ਼ਾਂ ਦੇ ਕਿਸੇ ਵੀ ਕੋਨੇ ਵਿਚ ਆਈ ਸੰਕਟ ਦੀ ਘੜੀ ਵਿਚ ਸਭ ਤੋਂ ਅੱਗੇ ਆ ਖੜ੍ਹਦੇ ਹਨ ਅਤੇ ਆਪਣੀ ਜਾਨਾਂ ਦੀ ਪ੍ਰਵਾਹ ਕੀਤੇ ਬਗੈਰ ਸਰਕਾਰਾਂ ਅਤੇ ਪ੍ਰਸ਼ਾਸਨ ਦੇ ਮੋਢੇ ਨਾਲ ਮੋਢਾ ਮਿਲਾ ਕੇ ਮਦਦ ਕਰਦੇ ਹਨ। ਖਾਲਸਾ ਏਡ ਦੇ ਸਵੈ ਸੇਵਕ ਨੌਜੁਆਨ ਪੀੜ੍ਹੀ ਲਈ ਪ੍ਰੇਰਨਾ ਸਰੋਤ ਹਨ। ਪ੍ਰੰਤੂ ਪਿਛਲੇ ਦਿਨੀ ਐਨਆਈਏ ਵੱਲੋਂ ਖਾਲਸਾ ਏਡ ਦੇ ਦਫ਼ਤਰ ਅਤੇ ਆਗੂ ਦੇ ਘਰ ਵੱਡੇ ਪੱਧਰ 'ਤੇ ਛਾਪੇਮਾਰੀ ਕਰਨਾ ਅਤੇ ਉਨ੍ਹਾਂ ਨਾਲ ਮੁਜਰਮਾਂ ਵਰਗਾ ਵਿਵਹਾਰ ਕਰਨਾ ਠੀਕ ਨਹੀਂ ਹੈ ਜਿਸ ਨਾਲ ਸਿੱਖ ਜਗਤ ਵਿਚ ਰੋਸ ਦੀ ਲਹਿਰ ਹੈ। ਉਨ੍ਹਾਂ ਨੇ ਕਿਹਾ ਕਿ ਜੇਕਰ ਸਰਕਾਰ ਨੂੰ ਸੰਸਥਾ ਦੇ ਕੰਮ-ਕਾਜ ਪ੍ਰਤੀ ਕੋਈ ਸ਼ੱਕ ਸੀ ਤਾਂ ਪਹਿਲਾਂ ਪੁੱਛ-ਗਿੱਛ ਕਰਕੇ ਜਾਂਚ ਪੜਤਾਲ ਕਰ ਲੈਣੀ ਚਾਹੀਦੀ ਸੀ। ਪ੍ਰੰਤੂ ਐਨਆਈਏ ਵਲੋਂ ਸਮਾਜ ਸੇਵੀ ਸੰਸਥਾ ਪ੍ਰਤੀ ਅਜਿਹੀ ਸਖਤ ਕਾਰਵਾਈ ਕਰਕੇ ਡਰ ਅਤੇ ਖੌਫ ਦਾ ਮਾਹੌਲ ਪੈਦਾ ਕਰਨਾ, ਇਸਦੇ ਆਗੂਆਂ ਨੂੰ ਨੀਵਾਂ ਦਿਖਾਉਣਾ ਅਤੇ ਇਸ ਤੇ ਸਵੈ-ਸੇਵਕਾਂ ਦਾ ਮਨੋਬਲ ਤੋੜਨਾ ਕਿਸੇ ਹਾਲਤ ਵਿਚ ਵੀ ਠੀਕ ਨਹੀਂ ਹੈ। ਇਸ ਮੌਕੇ ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਡਾ. ਇੰਦਰਬੀਰ ਸਿੰਘ ਨਿੱਜਰ, ਸਥਾਨਕ ਪ੍ਰਧਾਨ ਸੰਤੋਖ ਸਿੰਘ ਸੇਠੀ, ਆਨਰੇਰੀ ਸਕੱਤਰ ਅਜੀਤ ਸਿੰਘ ਬਸਰਾ, ਐਡੀ. ਆਨਰੇਰੀ ਸਕੱਤਰ ਜਸਪਾਲ ਸਿੰਘ ਢਿੱਲੋ, ਆਨਰੇਰੀ ਜੁਆਇੰਟ ਸਕੱਤਰ ਸੁਖਜਿੰਦਰ ਸਿੰਘ ਪ੍ਰਿੰਸ, ਡਾ. ਸੰਤੋਖ ਸਿੰਘ, ਪ੍ਰੋ. ਭੁਪਿੰਦਰ ਸਿੰਘ ਸੇਠੀ, ਗੁਰਪ੍ਰੀਤ ਸਿੰਘ ਸੇਠੀ, ਰਮਨੀਕ ਸਿੰਘ, ਜਤਿੰਦਰਬੀਰ ਸਿੰਘ, ਮਨਜੀਤ ਸਿੰਘ ਢਿੱਲੋਂ, ਡਾਇਰੈਕਟਰ ਓਪਰੇਸ਼ਨ ਡਾ. ਏ. ਪੀ. ਐਸ. ਚਾਵਲਾ ਅਤੇ ਹੋਰ ਮੈਂਬਰ ਸਾਹਿਬਾਨ ਹਾਜ਼ਰ ਸਨ।

ਲੁੱਟ-ਖੋਹ ਕਰਨ ਵਾਲੇ ਲੁਟੇਰਿਆਂ ਖ਼ਿਲਾਫ਼ ਮਾਮਲਾ ਦਰਜ

ਗੁਰਦਾਸਪੁਰ, (ਜਨਕ ਮਹਾਜਨ)-ਥਾਣਾ ਭੈਣੀ ਮੀਆਂ ਖਾਂ ਪੁਲਸ ਨੇ ਚੋਰੀ ਕਰਨ ਦੇ ਦੋਸ਼ ਹੇਠ ਇਕ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿਚ ਪਰਮਜੀਤ ਸਿੰਘ ਪੁੱਤਰ ਕੇਵਲ ਸਿੰਘ ਵਾਸੀ ਬਲਵੰਡਾ ਨੇ ਦੱਸਿਆ ਕਿ ਮੈਂ ਆਪਣੇ ਮੋਟਰਸਾਈਕਲ ਨੰਬਰ ਪੀਬੀ-06 ਏ.ਵਾਏ-7259 ਮਾਰਕਾ ਸਪਲੈਂਡਰ 'ਤੇ ਸਵਾਰ ਹੋ ਕੇ ਪੁਰਾਣਾ ਸ਼ਾਲਾ ਤੋਂ ਆਪਣੇ ਘਰ ਨੂੰ ਜਾ ਰਿਹਾ ਸੀ। ਜਦ ਛੋੜੀਆਂ ਬੇਟ ਪੁੱਜਾ ਤਾਂ ਪਿੱਛੇ ਤੋਂ ਦੋ ਪਲਸਰ ਮੋਟਰਸਾਈਕਲਾਂ 'ਤੇ ਤਿੰਨ-ਤਿੰਨ ਨੌਜਵਾਨ ਸਵਾਰ ਹੋ ਕੇ ਆਏ ਤੇ ਮੇਰਾ ਮੋਟਰਸਾਈਕਲ ਰੋਕ ਕੇ ਚਪੇੜਾਂ ਮਾਰੀਆਂ ਅਤੇ ਮੋਬਾਇਲ ਫੋਨ ਲਾਵਾ ਕੰਪਨੀ ਬਟਨਾ ਵਾਲਾ ਤੇ ਮੋਟਰਸ

5-Aug-PAGE- 12 qxd.qxd 8/4/2023 9:32 PM Page 1

ਸਰਕਾਰ ਵੱਲੋਂ ਅਜੇ ਦਾਣਿਆਂ ਦੇ ਨਵੇਂ ਕਾਰਡ ਨਹੀਂ ਬਣਾਏ ਜਾ ਰਹੇ : ਗੁਰਪਾਲ ਸਿੰਘ

ਕਾਲਾ ਸੰਘਿਆਂ (ਮਨਜੀਤ ਮਾਨ)-ਆਮ ਆਦਮੀ ਪਾਰਟੀ ਕਪੂਰਥਲਾ ਦੇ ਇੰਪਰੂਵਮੈਂਟ ਟਰੱਸਟ ਦੇ ਚੇਅਰਮੈਨ ਗੁਰਪਾਲ ਸਿੰਘ ਇੰਡੀਅਨ ਅਤੇ ਬਲਾਕ ਪ੍ਰਧਾਨ ਸਤਨਾਮ ਸਿੰਘ ਸੰਘਾ ਨੇ ਕਿਹਾ ਕਿ ਉਨ੍ਹਾਂ ਦੇ ਨੋਟਿਸ ਵਿੱਚ ਆਇਆ ਹੈ ਕਿ ਪਿੰਡਾਂ ਵਿੱਚ ਕੁਝ ਪੰਚਾਂ ਸਰਪੰਚਾਂ ਵਲੋਂ ਜੋ ਕਿ ਅਕਾਲੀ, ਕਾਂਗਰਸ ਨਾਲ ਸਬੰਧਤ ਹਨ, ਉਨ੍ਹਾਂ ਵਲੋਂ ਪਿੰਡਾਂ ਦੇ ਲੋਕਾਂ ਨੂੰ ਗੁੰਮਰਾਹ ਕਰਕੇ ਦਾਣਿਆਂ ਵਾਲੇ ਕਾਰਡਾਂ ਨੂੰ ਬਣਾਉਣ ਦੇ ਫਾਰਮ ਭਰੇ ਜਾ ਰਹੇ ਹਨ, ਜਦੋਂ ਕਿ ਅਜੇ ਤੱਕ ਪੰਜਾਬ ਸਰਕਾਰ ਵੱਲੋਂ ਕੋਈ ਵੀ ਦਾਣਿਆਂ ਦੇ ਨਵੇਂ ਕਾਰਡ ਬਣਾਉਣ ਦਾ ਕੰਮ ਨਹੀਂ ਚੱਲ ਰਿਹਾ। ਜਦੋਂ ਵੀ ਪੰਜਾਬ ਸਰਕਾਰ ਵਲੋਂ ਨਵੇਂ ਦਾਣਿਆਂ ਦੇ ਕਾਰਡ ਬਣਾਏ ਜਾਣਗੇ ਉਸ ਵਕਤ ਪਿੰਡਾਂ ਵਿੱਚ ਸਰਕਾਰ ਦੇ ਵਲੰਟੀਅਰਾਂ ਵਲੋਂ ਜਰੂਰਤਮੰਦ ਲੋਕਾਂ ਦੇ ਦਾਣਿਆਂ ਦੇ ਕਾਰਡ ਬਣਾਉਣ ਦੇ ਫਾਰਮ ਭਰੇ ਜਾਣਗੇ। ਆਮ ਆਦਮੀ ਪਾਰਟੀ ਆਮ ਲੋਕਾਂ ਦੀ ਸਰਕਾਰ ਹੈ ਅਤੇ ਆਮ ਲੋਕਾਂ ਦੀ ਸਹੂਲਤ ਸਬੰਧੀ ਮਾਨ ਸਰਕਾਰ ਵੱਲੋਂ ਹਰ ਸੰਭਵ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਸ ਮੌਕੇ ਸੀਨੀਅਰ ਆਗੂ ਬਿੱਲੂ ਸ਼ਹਿਰੀਆ, ਵਿਜੇ ਅਰੋੜਾ, ਜਤਿਨ ਕੁਮਾਰ ਅਤੇ ਦਲਵੀਰ ਸਿੰਘ ਹਾਜਰ ਸਨ।

ਦੇਸ਼ ਭਗਤ ਯਾਦਗਾਰ ਹਾਲ 'ਚ ਹੋ ਰਿਹੈ ਦੇਸ਼-ਬਦੇਸ਼ ਤੋਂ ਆ ਰਹੇ ਖੋਜਾਰਥੀਆਂ ਦਾ ਸਨਮਾਨ ਤੇ ਵਿਚਾਰ-ਚਰਚਾ

ਜਲੰਧਰ (ਨਵਾਂ ਜ਼ਮਾਨਾ ਸਰਵਿਸ) ਸੁਲੱਖਣਾ ਵਰਤਾਰਾ ਸਾਹਮਣੇ ਆ ਰਿਹਾ ਹੈ ਕਿ ਪ੍ਰਦੇਸ਼ ਵਸਦੇ ਪਰਵਾਰਾਂ ਦੇ ਪਰਵਾਰ ਦੇਸ਼ ਭਗਤ ਯਾਦਗਾਰ ਹਾਲ ਆ ਕੇ ਆਜ਼ਾਦੀ ਇਤਿਹਾਸ ਦੇ ਮਹਾਨ ਸ਼ਹੀਦਾਂ ਅਤੇ ਸੰਗਰਾਮੀਆਂ ਨੂੰ ਸਿਜਦਾ ਕਰਨਾ ਆਪਣਾ ਪਹਿਲਾ ਫਰਜ ਸਮਝ ਰਹੇ ਹਨ। ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਇੱਕੋ ਦਿਨ ਆਏ ਪਹਿਲੇ ਵਫਦ ਵਿੱਚ ਸੁਰਿੰਦਰ ਸੋਹਲ ਉਹਨਾਂ ਦੀ ਜੀਵਨ ਸਾਥਣ ਅਮਨ, ਖੋਜਾਰਥੀ ਬੇਟੀ ਰਮਨੀਕ (ਯੂ. ਐੱਸ. ਏ.) ਅਤੇ ਸੁਖਵਿੰਦਰ ਦੂਜੇ ਪਰਵਾਰਕ ਵਫਦ ਵਿੱਚ ਕੁਲਵਿੰਦਰ ਹਰਸਹਾਏ, ਗੁਰਪ੍ਰੀਤ ਨਿਊਜੀਲੈਂਡ, ਪ੍ਰੋ.ਅਨੂ ਸ਼ਰਮਾ(ਯੂ. ਐੱਸ. ਏ.), ਬਲਜਿੰਦਰ ਕਰਾਰੀ ਸ਼ਾਮਲ ਸਨ। ਅਮਰੀਕਾ, ਨਿਊਜੀਲੈਂਡ ਅਤੇ ਕਨੇਡਾ ਤੋਂ ਆਏ ਇਹਨਾਂ ਵਫਦਾਂ ਨਾਲ ਸ਼ੇਸ ਭਗਤ ਯਾਦਗਾਰ ਕਮੇਟੀ ਦੇ ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ, ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ, ਮਿਊਜੀਅਮ ਕਮੇਟੀ ਦੇ ਕਨਵੀਨਰ ਸੁਰਿੰਦਰ ਕੁਮਾਰੀ ਕੋਛੜ, ਕਮੇਟੀ ਮੈਂਬਰ ਡਾ. ਤੇਜਿੰਦਰ ਵਿਰਲੀ ਅਤੇ ਡਾ. ਸੈਲੇਸ ਨੇ ਗੰਭੀਰ ਵਿਚਾਰ ਚਰਚਾ ਕੀਤੀ। ਇਹ ਵਿਚਾਰ ਚਰਚਾ ਪ੍ਰੈਸ ਨਾਲ ਸਾਂਝੀ ਕਰਦਿਆਂ ਉਹਨਾਂ ਦੱਸਿਆ ਕਿ ਅੱਜ ਕੱਲ੍ਹ ਵਿੱਚ ਪ੍ਰਦੇਸ਼ਾਂ ਦੇ ਜਿਵੇਂ ਬਹੁ- ਵੰਨਗੀ ਸਮੱਸਿਆਵਾਂ ਨਾਲ ਲੋਕ- ਜੀਵਨ ਦੋ ਚਾਰ ਹੋ ਰਿਹੈ। ਇਹ ਵੀ ਅਹਿਮ ਕਾਰਨ ਹੈ ਕਿ ਆਪਣੀ ਜਨਮ ਭੋਇੰ, ਇਤਿਹਾਸ, ਸਾਹਿਤ ਅਤੇ ਸੱਭਿਆਚਾਰ ਦੀ ਪ੍ਰਵਾਸੀ ਪੰਜਾਬੀਆਂ ਨੂੰ ਮੁੜ ਮੁੜ ਯਾਦ ਸਤਾਉਣ ਲੱਗੀ ਹੈ। ਉਹ ਗਦਰ ਲਹਿਰ ਦੀਆਂ ਪੈੜਾਂ ਖੋਜਣ ਤੁਰ ਰਹੇ ਹਨ।

ਵੱਖ ਵੱਖ ਵਫਦ ਵਿਚ ਦੇਸ ਭਗਤ ਯਾਦਗਾਰ ਹਾਲ ਆਈਆਂ,ਅਮਰੀਕਾ ਅੰਦਰ ਪੀ. ਐੱਚ. ਡੀ. ਕਰ ਰਹੀਆਂ ਰਮਨੀਕ ਅਤੇ ਪ੍ਰੋ. ਅਨੂੰ ਸ਼ਰਮਾ ਨੇ ਬਹੁਤ ਹੀ ਗਹਿਰੇ ਸੁਆਲ ਕੀਤੇ ਕਿ ਗਦਰ ਲਹਿਰ ਤਾਂ ਦੇਸੀ ਬਦੇਸ਼ੀ ਹਰ ਤਰ੍ਹਾਂ ਦੀ ਗੁਲਾਮੀ, ਜਾਤ ਪਾਤ, ਵਿਤਕਰੇ, ਫਿਰਕੂ ਦਹਿਸ਼ਤਗਰਦੀ ਤੋਂ ਮੁਕਤ ਭਾਰਤ ਦੀ ਆਰਜੂ ਲੈ ਕੇ ਚੱਲੇ ਸੀ, ਮੁਲਕ ਦੇ ਤਾਜਾ ਹਾਲਾਤ ਤਾਂ ਬਹੁਤ ਹੀ ਚਿੰਤਾਜਨਕ ਬਣਨ ਜਾ ਰਹੇ ਹਨ। ਇਸ ਬਾਰੇ ਦੇਸ਼ ਭਗਤ ਯਾਦਗਾਰ ਕਮੇਟੀ ਕਿਵੇਂ ਸੋਚਦੀ ਹੈ ? ਅਜੇ ਤਾਂ ਪੰਜਾਬ ਦੀ 1947 ਸਮੇਂ ਵੰਡ ਦੇ ਜਖਮ ਹੀ ਅੱਲੇ ਹਨ ਹੁਣ ਤਾਂ ਮੁਲਕ ਭਰ ਵਿੱਚ ਫਿਰਕੂ ਅੱਗ ਦੀਆਂ ਤੀਲੀਆਂ ਸੁੱਟੀਆਂ ਜਾ ਰਹੀਆਂ ਹਨ ਆਖਰ ਕੀ ਬਣੇਗਾ ਸ਼ਹੀਦਾਂ ਦੇ ਇਸ ਪਿਆਰੇ ਵਤਨ ਦਾ ? ਦੇਸ਼ ਭਗਤ ਯਾਦਗਾਰ ਕਮੇਟੀ ਦੇ ਬੁਲਾਰਿਆਂ ਨੇ ਸਾਰਥਕ ਜਵਾਬ ਦਿੱਤੇ। ਕਮੇਟੀ ਆਗੂਆਂ ਕਿਹਾ ਕਿ ਹੌਸਲਾ- ਵਧਾਊ ਵਰਤਾਰਾ ਹੈ ਕਿ ਦੇਸ਼ ਭਗਤ ਯਾਦਗਾਰ ਹਾਲ ਅੰਦਰ ਬਾਬਾ ਸੋਹਣ ਸਿੰਘ ਭਕਨਾ ਗਦਰੀ ਮਿਊਜੀਅਮ, ਲਾਇਬਰੇਰੀ ਅਤੇ ਆਡੀਓ ਵੀਡੀਓ ਥੀਏਟਰ ਦੇਖਣ ਆ ਰਹੇ ਜੱਥਿਆਂ ਵਿੱਚ ਨੌਜਵਾਨ ਮੁੰਡੇ ਖਾਸ ਕਰਕੇ ਕੁੜੀਆਂ ਦੀ ਦਿਲਚਸਪੀ ਭਰੀ ਹਾਜਰੀ, ਪੁੰਗਰ ਰਹੀਆਂ ਸਿਹਤਮੰਦ ਉਮੀਦਾਂ ਦੀ ਝਲਕ ਪੇਸ਼ ਕਰਦੀ ਹੈ। ਬਾਹਰਲੇ ਮੁਲਕਾਂ ਵਿੱਚ ਵੀ ਬੇਰੁਜਗਾਰੀ, ਮਹਿੰਗਾਈ, ਨਸ਼ਿਆਂ, ਮਾਰਧਾੜ, ਰਿਹਾਇਸ਼ਗਾਹ ਆਦਿ ਦੀਆਂ ਤੇਜੀ ਨਾਲ ਵਧ ਰਹੀਆਂ ਸਮੱਸਿਆਵਾਂ ਉਹਨਾਂ ਪਰਵਾਰਾਂ ਦੇ ਬੱਚਿਆਂ ਨੂੰ ਵਿਸ਼ੇਸ਼ ਕਰਕੇ ਵਧੇਰੇ ਰੜਕ ਰਹੀਆਂ ਹਨ ਜਿਨ੍ਹਾਂ ਦੇ ਮਾਪੇ ਪਹਿਲਾਂ ਆਪਣੇ ਮੁਲਕ ਵਿੱਚ ਲੋਕ ਪੱਖੀ, ਤਰਕਸ਼ੀਲ, ਜਮਹੂਰੀ ਲਹਿਰਾਂ ਨਾਲ ਨੇੜਿਓਂ ਜੁੜੇ ਰਹੇ ਅਤੇ ਬੱਚਿਆਂ ਨਾਲ ਜ਼ਿੰਦਗੀ ਦੇ ਸਰੋਕਾਰਾਂ ਬਾਰੇ ਵਿਚਾਰਾਂ ਕਰਦੇ ਰਹੇ। ਉਹ ਆਪਣੇ ਥੀਸਸ ਹੀ ਅਜਿਹੇ ਚੁਣ ਰਹੇ ਹਨ ਕਿ ਕੂਕਾ ਲਹਿਰ,ਗਦਰ ਲਹਿਰ, ਬੱਬਰ ਅਕਾਲੀ, ਕਿਰਤੀ ਲਹਿਰ ਅਤੇ ਨੌਜਵਾਨ ਭਾਰਤ ਸਭਾ ਵਰਗੀਆਂ ਇਨਕਲਾਬੀ ਲਹਿਰਾਂ ਆਪਣੇ ਨਿਸ਼ਾਨਿਆਂ ਦੀ ਪੂਰਤੀ ਨਹੀਂ ਕਰ ਸਕੀਆਂ ਤਾਂ ਅੱਜ ਲੋਕਾਂ ਦੇ ਕਲਿਆਣ ਦਾ ਮਾਰਗ ਕਿਹੜਾ ਹੈ ?

ਕਮੇਟੀ ਆਗੂਆਂ ਨੇ ਇਹਨਾਂ ਮਿਲਣੀਆਂ ਦੀ ਸਾਰਥਿਕਤਾ ਬਾਰੇ ਬਿਆਨ ਕਰਦਿਆਂ ਕਿਹਾ ਕਿ ਦੇਸ਼ ਭਗਤ ਯਾਦਗਾਰ ਹਾਲ ਬਾਹਰੋਂ ਆ ਰਹੇ ਪਰਵਾਰਾਂ, ਖੋਜਕਾਰਾਂ, ਦਾ ਇਹ ਸੁਲੱਖਣਾ ਵਰਤਾਰਾ ਨਵੀਆਂ ਖੋਜਾਂ, ਅਣਗੌਲਿਆਂ, ਭੁੱਲੇ ਵਿਸਰਿਆਂ ਨੂੰ ਗਲ ਨਾਲ ਲਾਉਣ ਦਾ ਸਬੱਬ ਬਣੇਗਾ। ਉਹਨਾਂ ਕਿਹਾ ਕਿ ਵਿਚਾਰ ਚਰਚਾਵਾਂ, ਵੈੱਬਸਾਈਟ,ਯੂ ਟਿਊਬ, ਫੇਸਬੁੱਕ ਪੇਜ,ਰੰਗ ਮੰਚ ਅਤੇ ਫਿਲਮ ਸ਼ੋਅ ਆਦਿ ਦੀ ਨਿਰੰਤਰਤਾ ਪੰਜਾਬ , ਦੇਸ਼ ਬਦੇਸ਼ ਤੋਂ ਅਜੇਹੇ ਵਫਦਾਂ ਦੀ ਆਮਦ ਨੂੰ ਹੁਲਾਰਾ ਦੇਵੇਗਾ। ਇਹ ਜਾਣ ਕੇ ਬਾਹਰੋਂ ਆਏ ਪਰਵਾਰਾਂ ਦੀ ਖੁਸੀ ਦੀ ਕੋਈ ਹੱਦ ਨਾ ਰਹੀ ਕਿ ਦੇਸ਼ ਭਗਤ ਯਾਦਗਾਰ ਹਾਲ ਦੀ ਦਿੱਖ ਉਭਾਰਨ ਅਤੇ ਚੇਤਨਾ ਦਾ ਸੰਚਾਰ ਕਰਨ ਲਈ ਢੁਕਵੇਂ ਮਾਧਿਅਮਾਂ ਰਾਹੀਂ ਹਰ ਸੰਭਵ ਯਤਨ ਕੀਤਾ ਜਾਏਗਾ। ਕਮੇਟੀ ਆਗੂਆਂ ਨੇ ਇਹਨਾਂ ਆਏ ਪਰਵਾਰਾਂ ਨੂੰ ਪੁਸਤਕਾਂ ਦੇ ਸੈੱਟ ਨਾਲ ਨਿਵਾਜਦਿਆਂ ਕਿਹਾ ਕਿ ਦੇਸ਼ ਭਗਤ ਯਾਦਗਾਰ ਕਮੇਟੀ ਤੁਹਾਡੀ ਆਮਦ ਤੇ ਮਾਣ ਮਹਿਸੂਸ ਕਰਦੀ ਹੈ।

ਮੈਡਮ ਨੀਨਾ ਕੁਮਾਰੀ ਦੇ ਸਨਮਾਨ ਹਿੱਤ ਹੋਇਆ ਸਮਾਗਮ

ਮਾਹਿਲਪੁਰ, (ਨਿਰਮਲ ਸਿੰਘ ਮੁੱਗੋਵਾਲ)- ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਜੇਜੋਂ ਦੋਆਬਾ ਵਿਖੇ ਆਪਣੀਆਂ ਸੇਵਾਵਾਂ ਦੇ ਰਹੀ ਮੈਡਮ ਨੀਨਾ ਕੁਮਾਰੀ ਜੋ ਕਿ ਪਹਿਲਾ ਆਈ.ਈ. ਵਲੰਟੀਅਰ ਸੀ। ਪੰਜਾਬ ਸਰਕਾਰ ਵੱਲੋਂ ਹੁਣ ਉਹਨਾਂ ਨੂੰ ਅਸਿਸਟੈਂਟ ਟੀਚਰ ਦੀ ਪ੍ਰਮੋਸ਼ਨ ਦਿੱਤੀ ਗਈ ਹੈ। ਜਿਸ ਨਾਲ ਉਨ੍ਹਾਂ ਦੀ ਤਨਖਾਹ ਵਿੱਚ ਵੀ ਵਾਧਾ ਹੋਇਆ ਹੈ। ਇਸ ਸਬੰਧ ਵਿੱਚ ਜੇਜੋਂ ਦੋਆਬਾ ਦੇ ਪਤਵੰਤੇ ਸੱਜਣਾਂ ਨੇ ਮੈਡਮ ਨੀਨਾ ਕੁਮਾਰੀ ਦੇ ਸਮਾਨ ਹਿੱਤ ਸਕੂਲ ਵਿਚ ਇਕ ਸਮਾਗਮ ਕੀਤਾ। ਉੱਘੇ ਸਮਾਜ ਸੇਵਕ ਨੰਬਰਦਾਰ ਪ੍ਰਵੀਨ ਸੋਨੀ ਦੀ ਅਗਵਾਈ ਹੇਠ ਪਿੰਡ ਵਾਸੀ ਸਕੂਲ ਪਹੁੰਚੇ। ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਸਤਪਾਲ ਸੈਣੀ ਵੱਲੋਂ ਆਏ ਹੋਏ ਮਹਿਮਾਨਾਂ ਦਾ ਸਵਾਗਤ ਕੀਤਾ ਗਿਆ। ਇਸ ਤੋਂ ਬਾਅਦ ਸਾਰਿਆਂ ਨੇ ਖਸ਼ਸੀ ਵਿੱਚ ਮੈਡਮ ਨੀਨਾ ਕੁਮਾਰੀ ਦੇ ਹਾਰ ਪਾਏ ਅਤੇ ਉਨ੍ਹਾਂ ਨੂੰ ਸਨਮਾਨ ਚਿੰਨ ਦੇ ਕੇ ਖੁਸ਼ੀ ਦਾ ਇਜਹਾਰ ਕੀਤਾ। ਸਾਰਿਆਂ ਨੇ ਪੰਜਾਬ ਸਰਕਾਰ ਦੇ ਇਸ ਫੈਸਲੇ ਦਾ ਸੁਆਗਤ ਕੀਤਾ। ਇਸ ਮੌਕੇ ਰਵਿੰਦਰ ਕੌਰ,ਰਾਮ ਲੁਭਾਇਆ, ਮੈਡਮ ਰੇਨੂੰ ਬਾਲਾ, ਮੈਡਮ ਵੀਨੂੰ, ਵਿਜੇ ਕੁਮਾਰ, ਹਰੀਸ਼ ਕੁਮਾਰ, ਅਨੀਤਾ ਰਾਣੀ, ਅਮਨਪ੍ਰੀਤ, ਮਨਜਿੰਦਰ ਸਿੰਘ, ਰੀਚਾ ਸ਼ਰਮਾ, ਓਮ ਪ੍ਰਕਾਸ਼ ਸਾਬਕਾ ਪੰਚ, ਰੇਨੂ ਬਾਲਾ, ਅਸ਼ਵਨੀ ਖੰਨਾ, ਰਤਨ ਚੰਦ, ਵਾਸਦੇਵ ਸ਼ਰਮਾ, ਸੰਤ ਰਤਨ ਪਰਕਾਸ਼, ਗਿਰਜਾ, ਪਵਣ, ਗੀਤਾ ਰਾਣੀ, ਅਸ਼ਵਨੀ ਖੰਨਾ, ਸਮੇਤ ਸਕੂਲ ਦੇ ਪ੍ਰਿੰਸੀਪਲ ਸਤਪਾਲ ਸੈਣੀ, ਰਾਜਵਿੰਦਰ ਕੌਰ, ਅਮਰਜੀਤ ਸਿੰਘ, ਵਿਜੈ ਕੁਮਾਰ, ਹਰੀਸ਼ ਕੁਮਾਰ, ਅਨੀਤਾ ਰਾਣੀ, ਅਮਨਪ੍ਰੀਤ, ਮਨਜਿੰਦਰ ਸਿੰਘ, ਸੁਖਵਿੰਦਰ ਕੌਰ, ਰਿਚਾ ਸ਼ਰਮਾ, ਦਿਨੇਸ਼ ਕੁਮਾਰ, ਸੰਦੀਪ ਕੁਮਾਰ, ਕੁਲਵਿੰਦਰ ਸਿੰਘ, ਪੂਰਨ ਚੰਦ, ਮਨਦੀਪ ਸਿੰਘ ਸਮੇਤ ਸਕੂਲ ਦਾ ਸਮੁੱਚਾ ਸਟਾਫ ਹਾਜਰ ਸੀ।

ਸੀ ਟੀ ਗਰੁੱਪ ਵੱਲੋਂ 5 ਰੋਜ਼ਾ ਇੰਡਕਸ਼ਨ ਪ੍ਰੋਗਰਾਮ 'ਚ ਨਵੇਂ ਵਿਦਿਆਰਥੀਆਂ ਦਾ ਸਵਾਗਤ

ਜਲੰਧਰ (ਸ਼ੈਲੀ ਐਲਬਰਟ) - : ਸੀਟੀ ਗਰੁੱਪ ਸ਼ਾਹਪੁਰ ਅਤੇ ਸੀਟੀ ਗਰੁੱਪ ਮਕਸੂਦਨ ਦੋਵਾਂ ਕੈਂਪਸਾਂ ਵਿੱਚ ਨਵੇਂ ਵਿਦਿਆਰਥੀਆਂ ਦਾ ਨਿੱਘਾ ਸੁਆਗਤ ਕਰਨ 5 ਰੋਜ਼ਾ ਇੰਡਕਸ਼ਨ ਸਮਾਰੋਹ ਕਰਵਾਇਆ ਗਿਆ। ਇਹ ਪ੍ਰੋਗਰਾਮ ਖਾਸ ਤੌਰ 'ਤੇ ਵਿਦਿਆਰਥੀਆਂ ਲਈ ਉਲੀਕਿਆ ਗਿਆ ਸੀ। ਤਾਂ ਜੋ ਉਹ ਕਾਲਜ ਅਤੇ ਫੈਕਲਟੀ ਨਾਲ ਜਾਣੂ ਕਰਵਾਇਆ ਜਾ ਸਕੇ । ਇਸਦੇ ਨਾਲ ਨਾਲ ਉਹਨਾਂ ਨੂੰ ਵੱਖ ਵੱਖ ਕੋਰਸਾਂ ਬਾਰੇ ਵੀ ਜਾਣੂ ਕਰਵਾਇਆ ਗਿਆ । ਇਸ ਪ੍ਰੋਗਰਾਮ ਚ ਉਤਸੁਕ ਅਤੇ ਖੁਸ਼ ਚਿਹਰਿਆਂ ਨਾਲ ਸੀਟੀ ਗਰੁੱਪ ਸ਼ਾਹਪੁਰ ਅਤੇ ਸੀਟੀ ਗਰੁੱਪ ਮਕਸੂਦਨ ਕੈਂਪਸ ਦੇ ਵਿਦਿਆਰਥੀਆਂ ਦਾ ਜੋਸ਼ ਦੇਖਣ ਯੋਗ ਸੀ । ਆਗਾਮੀ ਵਿੱਦਿਅਕ ਸੈਸ਼ਨ ਦੀ ਸ਼ੁਰੂਆਤ ਲਈ ਸ਼ਮ੍ਹਾ ਰੋਸ਼ਨ ਕਰਕੇ ਅਤੇ ਸਰਸਵਤੀ ਵੰਦਨਾ ਨਾਲ ਕੀਤੀ ਗਈ। ਮੈਨੇਜਿੰਗ ਡਾਇਰੈਕਟਰ ਡਾ. ਮਨਬੀਰ ਸਿੰਘ, ਸਾਊਥ ਕੈਂਪਸ ਡਾਇਰੈਕਟਰ ਡਾ: ਗੁਰਪ੍ਰੀਤ ਸਿੰਘ, ਅਤੇ ਉੱਤਰੀ ਕੈਂਪਸ ਡਾਇਰੈਕਟਰ ਡਾ ਯੋਗੇਸ਼ ਛਾਬੜਾ ਦੁਆਰਾ ਸੁਆਗਤੀ ਭਾਸ਼ਣ ਵਿਦਿਆਰਥੀਆਂ ਅਤੇ ਫੈਕਲਟੀ ਨੂੰ ਆਉਣ ਵਾਲੇ ਸਾਲ ਵਿੱਚ ਉੱਚ ਟੀਚਿਆਂ ਲਈ ਯਤਨ ਕਰਨ ਅਤੇ ਉਹਨਾਂ ਦੀਆਂ ਸੰਭਾਵਨਾਵਾਂ ਨੂੰ ਵੱਧ ਤੋਂ ਵੱਧ ਕਰਨ ਲਈ ਪ੍ਰੇਰਿਤ ਕਰਨ ਤੇ ਕੇਂਦਰਿਤ ਸਨ ।

ਦਿਨ ਦੀ ਸ਼ੁਰੂਆਤ ਅਕਾਦਮਿਕ ਦੇ ਡੀਨ ਡਾ. ਪਰਮਿੰਦਰ ਨੈਨ ਨੇ ਅਨੁਸ਼ਾਸਨ ਅਤੇ ਨੈਤਿਕ ਆਚਰਣ ਤੇ ਜ਼ੋਰ ਦਿੰਦੇ ਹੋਏ ਅਕਾਦਮਿਕ ਨਿਯਮਾਂ ਅਤੇ ਨਿਯਮਾਂ ਦੀ ਰੂਪ ਰੇਖਾ ਦੱਸੀ। ਸੀਟੀ ਮਿਊਜ਼ੀਕਲ ਸੋਸਾਇਟੀ ਦੀਆਂ ਮਨਮੋਹਕ ਧੁਨਾਂ ਨੇ ਮਾਹੌਲ ਨੂੰ ਇਕਸੁਰਤਾ ਅਤੇ ਆਨੰਦ ਨਾਲ ਭਰ ਦਿੱਤਾ। ਡਾ. ਅਰਜਨ ਸਿੰਘ, ਵਿਦਿਆਰਥੀ ਭਲਾਈ ਦੇ ਡੀਨ, ਨੇ ਵਿਦਿਆਰਥੀਆਂ ਨੂੰ ਸੀਟੀ ਕੈਂਪਸ ਲਾਈਫ ਨਾਲ ਜਾਣੂ ਕਰਵਾਇਆ, ਉਪਲਬਧ ਮੌਕਿਆਂ ਦੀ ਭਰਪੂਰਤਾ ਨਾਲ ਵਰਤਣ ਲਈ ਕਿਹਾ ਨਿਤਨ ਅਰੋੜਾ ਨੇ ਸੀ.ਸੀ.ਪੀ.ਸੀ. ਵਿਭਾਗ ਬਾਰੇ ਦੱਸਿਆ ਅਤੇ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਕਰੀਅਰ ਬਣਾਉਣ ਦੇ ਮੌਕਿਆਂ ਬਾਰੇ ਮਾਰਗਦਰਸ਼ਨ ਕੀਤਾ। ਇਸ ਮੌਕੇ ਐਂਟੀ-ਰੈਗਿੰਗ 'ਤੇ ਇੱਕ ਸ਼ਕਤੀਸ਼ਾਲੀ ਸਕਿੱਟ ਨੇ ਇੱਕ ਸੁਰੱਖਿਅਤ ਕੈਂਪਸ ਵਾਤਾਵਰਣ ਲਈ ਸੰਸਥਾ ਦੀ ਵਚਨਬੱਧਤਾ ਨੂੰ ਹੋਰ ਮਜ਼ਬੂਤ ਕੀਤਾ। ਅਨੂ ਕਿਰਨ ਨੇ ਸੰਸਥਾ ਦੀ ਵਿਰਾਸਤ ਅਤੇ ਉੱਤਮਤਾ ਦੀ ਖੋਜ ਨੂੰ ਉਜਾਗਰ ਕਰਦੇ ਹੋਏ ਸੀਟੀ ਗਲੋਬਲ ਬਾਰੇ ਜਾਣੂ ਕਰਵਾਇਆ । ਵੱਖ-ਵੱਖ ਇੰਸਟੀਟਿਊਟ ਦੇ ਸਾਰੇ ਪ੍ਰਿੰਸੀਪਲਾਂ ਨੇ ਆਪਣੇ ਵੱਖ-ਵੱਖ ਕੋਰਸਾਂ ਅਤੇ ਉਦਯੋਗਿਕ ਸਬੰਧਾਂ ਬਾਰੇ ਜਾਣਕਾਰੀ ਦਿੱਤੀ। ਡਾ. ਜਸਦੀਪ ਕੌਰ ਧਾਮੀ, ਡਾਇਰੈਕਟਰ, ਰਿਸਰਚ ਐਂਡ ਇਨੋਵੇਸ਼ਨ ਨੇ ਵੀ ਵਿਦਿਆਰਥੀਆਂ ਦਾ ਸਵਾਗਤ ਕੀਤਾ ਅਤੇ ਉਨ੍ਹਾਂ ਨੂੰ ਗਰੁੱਪ ਵਿੱਚ ਕੀਤੇ ਗਏ ਖੋਜ ਪ੍ਰੋਜੈਕਟਾਂ ਬਾਰੇ ਜਾਣਕਾਰੀ ਦਿੱਤੀ । ਪ੍ਰੇਰਣਾਦਾਇਕ ਨਾਟਕ ਜੀਨਾ ਇਸੀ ਕਾ ਨਾਮ ਹੈ ਨੇ ਵਿਦਿਆਰਥੀਆਂ ਨੂੰ ਲਗਨ ਅਤੇ ਸਕਾਰਾਤਮਕਤਾ ਨਾਲ ਪ੍ਰੇਰਿਤ ਕੀਤਾ। ਸੀਟੀ ਗਰੁੱਪ ਦੇ ਚੇਅਰਮੈਨ ਚਰਨਜੀਤ ਸਿੰਘ ਚੰਨੀ ਨੇ ਆਪਣੇ ਸੰਬੋਧਨ ਵਿਚ ਵਿਦਿਆਰਥੀਆਂ ਨੂੰ ਸਮਾਜ ਵਿਚ ਆਪਣਾ ਯੋਗਦਾਨ ਪਾਉਣ ਲਈ ਪ੍ਰੇਰਿਤ ਕੀਤਾ। ਸਮਾਗਮ ਦੀ ਸਮਾਪਤੀ ਸ਼ਾਨਦਾਰ ਭੰਗੜੇ ਨਾਲ ਹੋਈ ।

ਮਾਂ ਦੇ ਦੁੱਧ ਦੀ ਮਹੱਤਤਾ ਸੰਬੰਧੀ ਜਾਗਰੂਕਤਾ ਕੈਂਪ

ਹੁਸ਼ਿਆਰਪੁਰ (ਬਲਵੀਰ ਸੈਣੀ)-ਡਾਇਰੈਕਟਰ ਸਮਾਜਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸੀ.ਡੀ.ਪੀ.ਓ. ਦਫਾ ਰਾਣੀ ਦੀ ਅਗਵਾਈ ਹੇਠ ਬਲਾਕ ਹੁਸ਼ਿਆਰਪੁਰ-1 ਦੇ ਸਰਕਲ ਲਾਚੋਵਾਲ ਦੇ ਆਂਗਣਵਾੜੀ ਸੈਂਟਰ ਚੌਕੋਵਾਲ ਸ਼ੇਖਾਂ ਵਿੱਚ ਮਾਂ ਦੇ ਦੁੱਧ ਦੀ ਮਹੱਤਤਾ ਸਬੰਧੀ ਜਾਗਰੂਕਤਾ ਕੈਂਪ ਲਗਾਇਆ ਗਿਆ। ਇਸ ਕੈਂਪ ਵਿੱਚ ਪਿੰਡ ਦੀਆਂ ਔਰਤਾਂ ਅਤੇ ਬੱਚਿਆਂ ਵਲੋਂ ਸ਼ਮੂਲੀਅਤ ਕੀਤੀ ਗਈ। ਹਾਜਰ ਔਰਤਾਂ ਨੂੰ ਸੁਪਰਵਾਈਜ਼ਰ ਸ਼ਰਮੀਲਾ ਰਾਣੀ ਵਲੋਂ ਮਾਂ ਦੇ ਦੁੱਧ ਬਾਰੇ ਔਰਤਾਂ ਨੂੰ ਦੱਸਿਆ ਗਿਆ। ਉਹਨਾਂ ਕਿਹਾ ਕਿ ਬੱਚੇ ਦੇ ਜਨਮ ਤੋਂ ਬਾਅਦ ਇੱਕ ਘੰਟੇ ਵਿੱਚ ਬੱਚੇ ਨੂੰ ਮਾਂ ਦਾ ਦੁੱਧ ਪਿਲਾਉਣਾ ਚਾਹੀਦਾ ਹੈ। ਮਾਂ ਦਾ ਪਹਿਲਾ ਦੁੱਧ ਬੱਚੇ ਨੂੰ ਅ